NON PROFIT ORGANISATION
# USA Punjab Today
ਯੂ.ਐਸ.ਏ. ਪੰਜਾਬ ਟੂਡੇ
Daily Punjabi Newspaper
Website : www.usapunjabtoday.com
Email : sargamtv@gmail.com
Chief Editor : Varinder Ubhi | Phone : (510) 943-8037 | TUESDAY, 3 DECEMBER, 2024 | ਮੰਗਲਵਾਰ, 18 ਮੱਘਰ, ਸੰਮਤ 556 | ISSUE 500

# ਇਤਿਹਾਸ ’ਚ ਸਭ ਤੋਂ ਹੇਠਲੇ ਪੱਧਰ ’ਤੇ ਆਇਆ ਭਾਰਤੀ ਰੁਪਈਆ

## ਐਨ.ਆਰ.ਆਈਜ਼ ਨੂੰ ਫਾਇਦਾ ਤੇ ਭਾਰਤੀਆਂ ਨੂੰ ਨੁਕਸਾਨ



ਨਵੀਂ ਦਿੱਲੀ : ਭਾਰਤੀ ਕਰੰਸੀ ਆਪਣੇ ਇਤਿਹਾਸ ਦੇ ਸਭ ਤੋਂ ਕਮਜ਼ੋਰ ਪੱਧਰ ’ਤੇ ਪਹੁੰਚ ਗਈ ਹੈ। ਸੋਮਵਾਰ ਨੂੰ ਡਾਲਰ ਦੇ ਮੁਕਾਬਲੇ ਰੁਪਿਆ 12 ਪੈਸੇ ਡਿੱਗ ਕੇ 84.71 ’ਤੇ ਬੰਦ ਹੋਇਆ, ਜੋ ਹੁਣ ਤੱਕ ਦਾ ਸਭ ਤੋਂ ਕਮਜ਼ੋਰ ਪੱਧਰ ਹੈ। ਇਹ ਖਬਰ ਤੁਸੀਂ ਵੀ ਪੜ੍ਹੀ ਹੋਵੇਗੀ, ਕੀ ਤੁਹਾਨੂੰ ਪਤਾ ਹੈ ਕਿ ਰੁਪਏ ਦੇ ਕਮਜ਼ੋਰ ਹੋਣ ਦਾ ਆਮ ਆਦਮੀ ’ਤੇ ਕੀ ਅਸਰ ਪੈਂਦਾ ਹੈ? ਜੇਕਰ ਤੁਸੀਂ ਇਹ ਸੋਚ ਰਹੇ ਹੋ ਕਿ ਰੁਪਏ ਦੇ ਡਿੱਗਣ ਅਤੇ ਵਧਦੇ ਹੋਏ ਦਾ ਸਬੰਧ ਸਿਰਫ ਆਰਬੀਆਈ, ਸਰਕਾਰ ਅਤੇ ਅਰਥਵਿਵਸਥਾ ਤੱਕ ਸੀਮਿਤ ਹੈ, ਤਾਂ ਤੁਸੀਂ ਬਿਲਕੁਲ ਗਲਤ ਹੋ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਗਿਰਾਵਟ ਦਾ ਸਿੱਧਾ ਅਸਰ ਆਮ ਆਦਮੀ ਦੀ ਜੇਬ ’ਤੇ ਪੈਂਦਾ ਹੈ। ਹਾਲਾਂਕਿ ਰੁਪਏ ’ਚ ਇਹ ਗਿਰਾਵਟ ਇਸ ਲਈ ਵੀ ਜ਼ਿਆਦਾ ਨਜ਼ਰ ਆ ਰਹੀ ਹੈ ਕਿਉਂਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਕਸ ਕਰੰਸੀ ਖਿਲਾਫ ਸਖਤ ਬਿਆਨ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਜੇਕਰ ਬ੍ਰਿਕਸ ਕਰੰਸੀ ਆਉਂਦੀ ਹੈ ਤਾਂ ਉਹ ਦਰਾਮਦ ਬੰਦ ਕਰ ਦੇਣਗੇ। ਜੇਕਰ ਡਾਲਰ ਕਮਜ਼ੋਰ ਹੁੰਦਾ ਹੈ ਤਾਂ ਬ੍ਰਿਕਸ ਦੇਸ਼ਾਂ ’ਤੇ 100% ਇੰਪੋਰਟ ਡਿਊਟੀ ਲਗਾਈ ਜਾਵੇਗੀ। ਇਸ ਬਿਆਨ ਤੋਂ ਬਾਅਦ ਰੁਪਿਆ ਇਤਿਹਾਸਕ ਤੌਰ ’ਤੇ ਕਮਜ਼ੋਰ ਪੱਧਰ ’ਤੇ ਡਿੱਗ ਗਿਆ। ਪਰ, ਅਸੀਂ ਇਸ ਬਾਰੇ ਪੂਰੀ ਜਾਣਕਾਰੀ ਦਿੰਦੇ ਹਾਂ ਕਿ ਇਸ ਦਾ ਤੁਹਾਡੀ ਜ਼ਿੰਦਗੀ ਅਤੇ ਜੇਬ ’ਤੇ ਕੀ ਪ੍ਰਭਾਵ ਪਵੇਗਾ।

### ਵਧ ਸਕਦੀ ਹੈ ਮਹਿੰਗਾਈ

ਡਾਲਰ ਦੇ ਮੁਕਾਬਲੇ ਰੁਪਿਆ ਡਿੱਗਣ ਕਾਰਨ ਬਾਹਰੋਂ ਆਉਣ ਵਾਲੀਆਂ ਵਸਤਾਂ

(ਬਾਕੀ ਸਫ਼ਾ 7 ’ਤੇ)














# MATRIMONIAL



MARRIAGE LAGAN.COM

## ਕੰਨਿਆ ਦੀ ਲੋੜ (BRIDE WANTED)

**ਚੰਗਾ ਪੜ੍ਹਿਆ ਲਿਖਿਆ ਲੜਕਾ 1990/5’-7”, ਬਰਕਲੇ** ਤੋਂ ਮੌਲੀਕਿਊਲਰ ਕੈਮਿਸਟਰੀ ਅਤੇ ਮਾਈਕਰੋਬਾਇਓਲੋਜੀ ਵਿੱਚ ਗ੍ਰੈਜੂਏਟ, ਯੂ ਪੈੱਨ ਤੋਂ ਡੀਐਮਡੀ, ਲੋਮਾ ਲਿੰਡਾ ਤੋਂ ਐਮਡੀ, ਐਨੇਸਥੀਸੀਓਲੋਜੀ ਵਿੱਚ ਅਨਾਰਬਰ ਮਿਸ਼ੀਗਨ ਤੋਂ ਰੈਜ਼ੀਡੈਂਸੀ, ਵਰਤਮਾਨ ਵਿੱਚ ਹਾਰਵਰਡ ਯੂਨੀਵਰਸਿਟੀ ਤੋਂ ਫੈਲੋਸ਼ਿਪ ਕਰ ਰਿਹਾ ਹੈ ਲਈ ਕੰਨਿਆ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 104, ‘ਯੂ.ਐਸ.ਏ.ਪੰਜਾਬ ਟੂਡੇ’

**Well educated boy 1990/5'-7" Graduate in** molecular chemistry and microbiology from Berkeley, DMD from U pen, MD from Loma Linda,Residency from anarbor Michigan in anesthesiology, currently doing fellowship from Harvard University looking for girl. Contact : (510) 943-8037. Box No. 104, USA Punjab today.

---

**ਅਮਰੀਕੀ ਸਿਟੀਜ਼ਨ 1993/5’-9” ਰਵਿਦਾਸੀਆ ਲੜਕਾ**, **ਸਿੱਖਿਆ:** ਬੀ.ਐਸ. ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਸੈਕਰਾਮੈਂਟੋ (ਸੈਕਰਾਮੈਂਟੋ ਸਟੇਟ ਯੂਨੀਵਰਸਿਟੀ) ਤੋਂ ਸਿਵਲ ਇੰਜੀਨੀਅਰਿੰਗ, ਕੰਮ: ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (ਕੈਲਟ੍ਰਾਂਸ) ਵਿਖੇ ਟਰਾਂਸਪੋਰਟੇਸ਼ਨ ਇੰਜੀਨੀਅਰ, ਲਈ ਕੰਨਿਆ ਦੀ ਲੋੜ ਹੈ। ਸੰਪਰਕ : (510) 943-8037. ਬਾਕਸ ਨੰ 114, ‘ਯੂ.ਐਸ.ਏ.ਪੰਜਾਬ ਟੂਡੇ’

**American Citizen 1993/5’-9” Ravidasia boy,** Education: B.S. Civil Engineering from California State University, Sacramento (Sacramento State University) Work : Transportation Engineer at The California Department of Transportation (Caltrans) looking for girl. Contact : (510) 943-8037. Box No. 114. USA Punjab today.

---

**ਅਮਰੀਕੀ ਸਿਟੀਜ਼ਨ ਰਾਮਗੜ੍ਹੀਆ ਸਿੱਖ ਲੜਕਾ** 1995/5’-6” ਬੇਅ ਏਰੀਆ ਵਿਚ ਰਹਿ ਰਹੇ ਹਾਈ ਸਕੂਲ ਤੋਂ ਗ੍ਰੈਜੂਏਟ, ਰਿਟੇਲ ਸਟੋਰ ਮੈਨੇਜ਼ਰ ਅਤੇ ਸੀ.ਡੀ.ਐਲ. ਆਪ੍ਰੇਟਰ ਲਈ ਕੰਨਿਆ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 116, ‘ਯੂ.ਐਸ.ਏ.ਪੰਜਾਬ ਟੂਡੇ’

**American Citizen Ramgarhia Sikh Boy** 1995/5’-6” Living in Bay Area, High School Graduate, Retail Store Manager & CDL Operator looking for girl. Contact: (510) 943-8037, Box No. 116 , USA Punjab Today

**ਅਮਰੀਕਾ ਵਿੱਚ ਜਨਮਿਆ (ਲਾਸ ਏਂਜਲਸ, ਕੈਲੀਫੋਰਨੀਆ)** ਸਿੱਖ ਲੜਕਾ, 1993/5’-8”, ਦਿਆਲੂ, ਨਿਮਰ ਸੁਭਾਅ, ਪੜ੍ਹਿਆ-ਲਿਖਿਆ, ਅਮਰੀਕਾ, ਕੈਨੇਡਾ ਜਾਂ ਯੂ.ਕੇ. ਤੋਂ ਕੁੜੀ ਲੱਭ ਰਿਹਾ ਹੈ। ਲੜਕੀ ਦੀ ਉਮਰ 24 ਤੋਂ 30 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਸੰਪਰਕ: (510) 943-8037, ਬਾਕਸ ਨੰ: 121, ਯੂ.ਐਸ.ਏ. ਪੰਜਾਬ ਟੂਡੇ

**US born (Los Angeles, CA) sikh boy, 1993/5’-8”,** Kind, humble, educated looking for girl from USA, Canada or UK. Girl should be between 24 to 30 years. Contact: (510) 943-8037, Box No. 121, USA Punjab Today

---

**ਅਮਰੀਕਨ ਸਿਟੀਜ਼ਨ ਜੱਟ ਸਿੱਖ ਲੜਕਾ** 1992/5’-8” ਆਪਣਾ ਕਾਰੋਬਾਰ, ਜਨਮ ਸਥਾਨ ਰੁੜਕੇਲਾ ਲਈ ਪੜ੍ਹੀ ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 124, ‘ਯੂ.ਐਸ.ਏ. ਪੰਜਾਬ ਟੂਡੇ’

American Citizen Jatt Sikh Boy 1992/5’-8”, Own business, birth place Roorkela. Looking for educated and beautiful girl. Contact : (510) 943-8037, Box No. 124, USA Punjab Today

---

**Cosmopolitan Hindu Brahmin, MBA** from Mumbai (1979), 5’11”. Homeowner, residing in a Los Angeles suburbs, working in a management position for healthcare industry. Seeking a cultured and educated partner aged 35-42 for early marriage. Open to all backgrounds, with no caste restrictions.Contact: (510) 943-8037, Box No. 113, USA Punjab Today

---

**ਵਰਕ ਪਰਮਿਟ ’ਤੇ ਅਮਰੀਕਾ ਰਹਿ ਰਿਹਾ ਹਿੰਦੂ ਲੜਕਾ 1993/5’-5”** ਇਲੈਕਟ੍ਰਿਕਲ ਇੰਜੀਨੀਅਰਿੰਗ ’ਚ ਗ੍ਰੈਜੂਏਟ, ਲਾਸ ਏਂਜਲਸ ’ਚ ਆਪਣਾ ਲੀਕਰ ਸਟੋਰ, ਆਪਣਾ ਘਰ ਲਈ ਹਿੰਦੂ ਜਾਂ ਸਿੱਖ ਪਰਿਵਾਰ ਦੀ ਕੰਨਿਆ ਦੀ ਲੋੜ ਹੈ। ਸੰਪਰਕ: (510) 943-8037, ਬਾਕਸ ਨੰ: 126, ਯੂ.ਐਸ.ਏ. ਪੰਜਾਬ ਟੂਡੇ

Hindu boy living in America on work permit 1993/5-5" Graduate in Electrical Engineering, Now owner of Liquor store market in Los Angeles and own house. Looking for girl from Hindu or Sikh Family. Contact: (510) 943-8037, Box No. 126, USA Punjab Today


ਰਿਸ਼ਤਿਆਂ ਸੰਬੰਧੀ ਇਸ਼ਤਿਹਾਰ ਦੇਣ ਲਈ

www.marriagelagan.com

’ਤੇ ਰਜਿਸਟਰਡ ਕਰੋ ਅਤੇ ਹੋਰ ਜਾਣਕਾਰੀ ਹਾਸਲ ਕਰਨ ਲਈ ਕਾਲ ਕਰੋ

VARINDER (510) 943-8037


## ਵਰ ਦੀ ਲੋੜ (GROOM WANTED)

**ਕੈਲੀਫੋਰਨੀਆ (ਅਮਰੀਕਾ) ਰਹਿੰਦੀ ਸਿੱਖ ਲੜਕੀ** 1996/5’-3” ਲਈ ਰਾਮਗੜ੍ਹੀਆ, ਪੜ੍ਹੇ ਲਿਖੇ ਗੁਰਸਿੱਖ ਪਰਿਵਾਰ ਦੇ ਲੜਕੇ (ਸਿਮੀ ਵੈਲੀ ਜਾਣ ਦਾ ਇਛੁੱਕ) ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 103, ‘ਯੂ.ਐਸ.ਏ. ਪੰਜਾਬ ਟੂਡੇ’

**California (America) resident sikh girl 1996/5’-**3”, looking for well educated Gursikh ramgharia family’s boy. (willing to move to Simi Valley). Contact : (510) 943-8037. box no. 103 USA Punjab today.

---

**ਅਮਰੀਕਾ ਸਿਟੀਜ਼ਨ ਸਿੱਖ ਲੜਕੀ 1991/5’-4", Communication Operator** at Kaiser Permanent and Business Owner, ਲਈ ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 115, ‘ਯੂ.ਐਸ.ਏ. ਪੰਜਾਬ ਟੂਡੇ’

**US citizen Sikh girl 1991/5’-4", Communication Operator at** Kaiser Permanent and Business Owner, looking for boy from good family. Contact: (510) 943-8037, Box No. 115, USA Punjab Today

---

**ਅਮਰੀਕਾ ਸਿਟੀਜ਼ਨ ਸਿੱਖ ਲੜਕੀ 1993/5’-6” ਲਈ 6 ਫੁੱਟ ਕੱਦ ਵਾਲੇ ਅਮਰੀਕਾ** ਸਿਟੀਜ਼ਨ ਗੁਰਸਿੱਖ ਪਰਿਵਾਰ ਦੇ ਲੜਕੇ ਦੀ ਲੋੜ ਹੈ। ਉਮਰ 30 ਤੋਂ 37 ਦੇ ਦਰਮਿਆਨ ਹੋਵੇ, ਡਾਕਟਰ, ਫਾਰਮਾਸਿਸਟ ਜਾਂ ਇੰਜੀਨੀਅਰ ਨੂੰ ਪਹਿਲ। ਸੰਪਰਕ : (510) 943-8037, ਬਾਕਸ ਨੰ 117, ‘ਯੂ.ਐਸ.ਏ. ਪੰਜਾਬ ਟੂਡੇ’,

**US Citizen Sikh Girl 1993/5’-6”, Looking for US Citizen Boy** from Gursikh family. He should be 6 feet tall, Age between 30 to 37, Doctor, Pharmacist or Engineer preferred. Contact : (510) 943-8037, Box No. 117, USA Punjab Today,

---

**ਭਾਰਤ ਰਹਿ ਰਹੀ ਹਿੰਦੂ ਲੜਕੀ 1996/5’-4” ਫਾਰਮਾਸਿਸਟ ਡਿਪਲੋਮਾ ਕੀਤਾ, ਲਈ ਚੰਗੇ ਪਰਿਵਾਰ** ਦੇ ਲੜਕੇ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 120, ‘ਯੂ.ਐਸ.ਏ. ਪੰਜਾਬ ਟੂਡੇ’,

**Hindu girl residing in India, 1996/5’-4” Diploma in Pharmacist,** looking for boy from good family. Contact : (510) 943-8037, Box No. 120, USA Punjab Today,

---

**ਅਮਰੀਕਾ ਸਿਟੀਜ਼ਨ ਸਿੱਖ ਲੜਕੀ 1990/5’-7” ਡਾਕਟਰ (Gastroenterologist** Specialist) ਸੈਨਜੋਸ (ਕੈਲੀਫੋਰਨੀਆ) ਰਹਿੰਦੀ ਲਈ ਡਾਕਟਰ ਜਾਂ ਡੈਂਟਿਸਟ ਵਰ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 122, ‘ਯੂ.ਐਸ.ਏ. ਪੰਜਾਬ ਟੂਡੇ’,

US Citizen Sikh girl **1990/5’-7”** Doctor **(Gastroenterologist Specialist)** residing in San Jose, California. Looking for a Doctor or Dentist. Contact: (510) 943-8037, Box No. 122, USA Punjab Today,

---

**ਅਮਰੀਕਾ ਸਿਟੀਜ਼ਨ ਲੜਕੀ 1982/5’-10” ਤਲਾਕਸ਼ੁਦਾ, ਕਾਨਵੈਂਟ ਸਕੂਲ ਤੋਂ ਪੜ੍ਹੀ, ਅਰਥ** ਸ਼ਾਸਤਰ ਵਿੱਚ ਮਾਸਟਰ, ਫਾਰਚੂਨ 500 ਕੰਪਨੀ ਵਿੱਚ ਪ੍ਰੋਜੈਕਟ ਮੈਨੇਜਰ ਲਈ ਵਰ ਦੀ ਲੋੜ ਹੈ। ਸੰਪਰਕ: (510) 943-8037, ਬਾਕਸ ਨੰ: 125, ਯੂ.ਐਸ.ਏ. ਪੰਜਾਬ ਟੂਡੇ

**US Citizen Girl 1982/5’-10” Divorced, Educated from Convent School,** Masters in Economics, Project Manager with a Fortune 500 company. Looking for a boy. Contact : (510) 943-8037, Box No. 125, USA Punjab Today

## ਜੀਵਨ ਸਾਥਣ ਦੀ ਲੋੜ (LIFE PARTNER)

**ਅਮਰੀਕਾ ਪੱਕੇ ਤੌਰ ’ਤੇ ਰਹਿ ਰਹੇ ਸਿੱਖ 1974/5’-9”, ਤਲਾਕਸ਼ੁਦਾ, ਟਰਕਿੰਗ ਦਾ ਆਪਣਾ** ਕਾਰੋਬਾਰ, ਪਿਟਸਬਰਗ (ਕੈਲੀਫੋਰਨੀਆ) ਨਿਵਾਸੀ, ਲਈ 30 ਤੋਂ 40 ਸਾਲ ਦਰਮਿਆਨ ਜੀਵਨ ਸਾਥਣ ਦੀ ਲੋੜ ਹੈ। ਸੰਪਰਕ : (510) 943-8037, ਬਾਕਸ ਨੰ 123, ‘ਯੂ.ਐਸ.ਏ. ਪੰਜਾਬ ਟੂਡੇ’

**US Permanent Resident Sikh 1974/5’-9”, Divorced, own** trucking business, living in Pittsburgh (California) looking for life partner age between 30 to 40. Contact : (510) 943-8037, Box No. 123, USA Punjab Today,

# ASC participates in the New Jersey 360 Scouts Jamboree, Sussex County Fairgrounds, NJ Oct 4-6, 2024




**Scouts in turbans tying at the Sikh Exhibit, Jersey 360 Scouts Jamboree**




**Sukhmani Kaur at the ASC Sikh exhibit**



**Sutinder Singh having a discussion with a visitor at the ASC Sikh exhibit**



**Zora Singh and Indervir Singh, singing a shabad at the Sikh prayer service.**



**Sutinder Singh, Zora Singh, Indervir Singh and Kavneet Singh at the Sikh prayer service.**

Representatives of the American Sikh Council (ASC) were invited to exhibit at the New Jersey 360 Scouts Jamboree, organized by the Patriots Path Council which was held at the Sussex County Fairgrounds, Augusta, NJ from Oct 4-6, 2024.

The American Sikh Council (ASC) setup an exhibit with several Sikh volunteers which included Sutinder Singh, Indervir Singh, Zora Singh, Satinder Singh, Sukhmani Kaur, Davinder Singh, Satwinder Kaur and Kavneet Singh helping run the exhibit.

Over 4,000 Boy and Girl Scouts along-with adult leaders participated in the fun-filled weekend of multiple activities. Some of the following activities wereincluded;

Special Attractions and Events included, Science - STEM, Chess, Old-time Crafts, Civil Air Patrol, Vehicle Exhibit, Public Safety, Pulley Tug of War, Saturday Night Lightshow, and High Adventure booths, a 'Faith and Beliefs exhibit tent' and much more. There was also a fun filled BMX event which held the Scouts in rapt attention with their tricks and flips.

Scouts and visitors were given multiple brochures, and literature was disseminated to the Scouts and additionally the Sikh Religious Workbooks and books on Sikh military history were displayed.

Scouts lined up get colorful dastars tied walking away beaming ear to ear, while they asked questions and learnt about the Sikh identity and heritage!

Some of the brochures given out were 'Sikhs and Scouts', 'History of Sikh Americans', 'Bullying of Sikh American Children','History of Sikh Americans', 'The Sikh Turban', 'Sikhs in World Wars', 'The Battle of Saragrhi' and the 'Sustained Sikh Genocide 1984-1998'. The Sikh Religious Award Workbooks; Nirbhau, Nirvair, Gyan-Kharag and Khalsa'designed for the Elementary, Middle and High School levels were displayed along-with the books, 'Bullying of Sikh American Children - Through the Eyes of a Sikh American High School Student', 'Sikh Ghadar 1907-1918','Another Aspect of the Gadar Movement'and more.




**Sutinder Singh talking to a visitor at the Sikh Exhibit**

The volunteers disseminated several hundred brochures as there were so many questions. The volunteers did get into discussions with many Scouts and adults opening doors to better interfaith understanding. The continuous impact of these 'exhibits' is already having far reaching and an impact on the national scene. There are two very prominently placed photographs of Sikh Scouts in action in the 13th edition of the'Boy Scouts Handbook' on pages 21 and 418. Over 350,000 were printed, between 2016-2024. Sikhs and related content have been included in several types of scouting material. It is time for all Sikh American children and parents to step up and do their part by joining the incredible Scouting experience in order to empower their kids to become future leaders.

ASC volunteers tied dastars/turbans non-stop at the all-day event. There were long lines waiting to get their dastaars tied. The feedback and comments at the end of the day were overwhelmingly positive.

The chair of the Jamboree stated, "The American Sikh Council and their Sikh Scout leaders have always gone above and beyond to educate and unite everyone. One of the busiest exhibits of the day and kudos to their excellent effort!"

Later in the evening prayer services were held by various religious groups. The American Sikh Council (ASC) held a Sikh prayer service. Sutinder Singh presented and gave an overview of Sikhs and Sikhi to the audience with many in the audience asking questions. A shabad was recited beautifully by Indervir Singh and Zora Singh in classical raag. Their heartfelt recitation was even appreciated by the audience.

Sutinder Singh, Indervir Singh, Zora Singh, Satinder Singh, Sukhmani Kaur, Davinder Singh, Satwinder Kaur and Kavneet Singh must be thanked and applauded for helping run the successful exhibit

The young Sukhmani Kaur did a great job of helping at the exhibit. Indervir Singh and Zora Singh went out of their way make the evening Sikh prayer service an overall success.

ASC has been running the Sikh Scouting initiative for well over a decade and made deep inroads into Scouting across our nation. ASC has educated over 200,000 Scouts and helped recruit a few hundred Sikhs youth across the country to join Scouting. It behooves the Sikh American parents to step up and support this while having their children join Scouting, so that they can avail of the unbelievable opportunities to learn life skills and leadership, while immersing themselves in the great outdoors.

# ਸੁਖਬੀਰ ਤੇ ਢੀਂਡਸਾ ਨੇ ਤਨਖ਼ਾਹ ਤਹਿਤ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ 'ਤੇ ਸੇਵਾਦਾਰ ਵਜੋਂ ਸੇਵਾ ਨਿਭਾਈ

- ਦੋਵੇਂ ਹਰਿਮੰਦਰ ਸਾਹਿਬ ਦੀ ਘੰਟਾ ਘਰ ਵਾਲੇ ਪਾਸੇ ਦਰਸ਼ਨੀ ਡਿਉੜੀ ਦੇ ਬਾਹਰ ਨੀਲਾ ਚੋਲਾ ਪਹਿਨ, ਬਰਛਾ ਲੈ ਕੇ ਤੇ ਗਲੇ 'ਚ ਤਖ਼ਤੀ ਪਾ ਕੇ ਬੈਠੇ ਰਹੇ
- ਮਜੀਠੀਆ, ਚੀਮਾ ਤੇ ਗਰੇਵਾਲ ਨੇ ਕੀਤੀ ਪਖਾਨਿਆਂ ਦੀ ਸਫ਼ਾਈ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਗਈ ਤਨਖ਼ਾਹ ਨੂੰ ਪੂਰਾ ਕਰਨ ਵਾਸਤੇ ਮੰਗਲਵਾਰ ਸਵੇਰੇ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੋਵਾਂ ਨੇ ਇੱਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਦਰਸ਼ਨੀ ਡਿਉੜੀ ਦੇ ਬਾਹਰ ਬੈਠ ਕੇ ਸੇਵਾਦਾਰ ਵਿੱਚੋਂ ਸੇਵਾ ਕੀਤੀ ਹੈ। ਦੋਵੇਂ ਹੀ ਵੀਲ੍ਹ ਚੇਅਰ 'ਤੇ ਬੈਠੇ ਹੋਏ ਸਨ ਅਤੇ ਉਨ੍ਹਾਂ ਨੇ ਸੇਵਾਦਾਰ ਵਾਲਾ ਨੀਲੇ ਰੰਗ ਦਾ ਚੋਲਾ ਪਾਇਆ ਹੋਇਆ ਸੀ ਤੇ ਹੱਥ ਵਿੱਚ ਬਰਛੇ ਫੜੇ ਹੋਏ ਸਨ। ਦੋਵਾਂ ਦੇ ਗਲੇ ਵਿੱਚ ਤਖ਼ਤੀਆਂ ਸਨ।

ਇਨ੍ਹਾਂ ਦੋਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੋ ਦਿਨ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਮੁੱਖ ਦੁਆਰ 'ਤੇ ਇੱਕ ਘੰਟਾ ਸੇਵਾਦਾਰ ਵੱਜੋਂ ਸੇਵਾ ਨਿਭਾਉਣ ਦੀ ਤਨਖ਼ਾਹ ਲਾਈ ਗਈ ਹੈ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਲਈ ਬਣੇ ਪਖਾਨਿਆਂ ਦੀ ਸਫਾਈ ਦੀ ਸੇਵਾ, ਲੰਗਰ ਘਰ ਵਿੱਚ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ, ਗੁਰਬਾਣੀ ਦਾ ਕੀਰਤਨ ਸਰਵਣ ਕਰਨ ਦੀ ਸੇਵਾ ਅਤੇ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸੇਵਾ ਸੁਣਾਈ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਵੀ ਇਹ ਦੋ-ਦੋ ਦਿਨ ਵਾਸਤੇ ਇਹ ਸੇਵਾਵਾਂ ਪੂਰੀਆਂ ਕਰਨਗੇ।

ਇਨ੍ਹਾਂ ਤੋਂ ਇਲਾਵਾ ਬੀਬੀ ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਤੇ ਹੋਰਨਾਂ ਨੂੰ ਵੀ ਇੱਕ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿੱਚ ਸੰਗਤ ਦੇ ਜੂਠੇ ਬਰਤਨ ਸਾਫ ਕਰਨ, ਜੋੜੇ ਝਾੜਨ, ਕੀਰਤਨ ਸਰਵਣ ਕਰਨ ਆਦਿ ਦੀ ਸੇਵਾ ਲਾਈ ਗਈ ਹੈ। ਇਸ ਤਹਿਤ ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਹੋਰ ਆਗੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੰਗਤਾਂ ਲਈ ਬਣੇ ਪਖਾਨਿਆਂ ਦੀ ਸਫਾਈ ਦੀ ਸੇਵਾ ਕੀਤੀ। ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੇ ਅਕਾਲੀ ਸਰਕਾਰ ਵੇਲੇ ਹੋਏ ਆਪਣੇ ਗੁਨਾਹ ਕਬੂਲ ਕੀਤੇ ਸਨ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਪੰਜ ਸਿੰਘ ਸਾਹਿਬਾਨ ਵੱਲੋਂ ਇਨ੍ਹਾਂ ਨੂੰ ਇਨ੍ਹਾਂ ਦੇ ਗੁਨਾਹਾਂ ਦੀ ਮੁਆਫ਼ੀ ਵਾਸਤੇ ਤਨਖ਼ਾਹ ਲਾਈ ਗਈ ਸੀ।

# ਕੰਜ਼ਰਵੇਟਿਵ ਆਗੂ ਵੱਲੋਂ ਜਸਟਿਨ ਟਰੂਡੋ 'ਤੇ ਬ੍ਰਿਟਿਸ਼ ਕੋਲੰਬੀਆ ਦੇ ਪੋਰਟਾਂ ਨੂੰ ਡਰੱਗ ਸਿੰਡੀਕੇਟ ਬਣਾਏ ਜਾਣ ਦੇ ਦੋਸ਼

## ਦੋ ਪੰਜਾਬੀ ਕੈਨੇਡੀਅਨ ਭਾਰੀ ਮਾਤਰਾ ਵਿਚ ਡਰੱਗ ਸਣੇ ਕਾਬੂ



ਵਿਨੀਪੈਗ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ 'ਤੇ ਡਰੱਗ ਉਨ੍ਹਾਂ ਦੇ ਦੇਸ਼ ਭੇਜਣ ਦੇ ਦੋਸ਼ ਲਾਉਣ ਤੋਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਵਿਰੋਧੀਆਂ ਦੇ ਨਿਸ਼ਾਨੇ ਉੱਤੇ ਆ ਗਏ ਹਨ। ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਵੱਲੋਂ ਉਨ੍ਹਾਂ 'ਤੇ ਬ੍ਰਿਟਿਸ਼ ਕੋਲੰਬੀਆ ਦੇ ਪੋਰਟਾਂ ਨੂੰ ਡਰੱਗ ਸਿੰਡੀਕੇਟ ਬਣਾਏ ਜਾਣ ਦੇ ਦੋਸ਼ ਲਾਏ ਜਾ ਰਹੇ ਹਨ। ਇਸ ਮਾਮਲੇ ਵਿਚ ਸਰੀ ਕਲੋਵਰਡੇਲ ਤੋਂ ਕੰਜ਼ਰਵੇਟਿਵ ਐੱਮਐੱਲਏ ਤੇ ਪਬਲਿਕ ਸੇਫ਼ਟੀ ਅਤੇ ਸਾਲਿਸਟਰ ਜਨਰਲ ਲਈ ਸ਼ੈਡੋ ਮੰਤਰੀ ਏਲੇਨੋਰ ਸਟੁਰਕੋ ਨੇ ਕੈਨੇਡੀਅਨ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸੇਧਿਆ ਹੈ। ਇਸ ਦੌਰਾਨ ਉਨ੍ਹਾਂ ਨੇ ਐਕਸ 'ਤੇ ਕੀਤੀ ਇਕ ਪੋਸਟ ਵਿਚ ਕਿਹਾ ਕਿ ਈਬੀ ਤੇ ਟਰੂਡੋ ਦੀਆਂ ਰੈਡੀਕਲ ਡਰੱਗ ਅਤੇ ਨਰਮ-ਅਪਰਾਧ ਨੀਤੀਆਂ ਨੇ ਬੀ ਸੀ ਪੋਰਟਾਂ ਨੂੰ ਗਲੋਬਲ ਡਰੱਗ ਸਿੰਡੀਕੇਟਾਂ ਅਤੇ ਕਾਰਟੈਲਾਂ ਲਈ ਟ੍ਰਾਂਸਸ਼ਿਪਮੈਂਟ ਅਤੇ ਉਤਪਾਦਨ ਕੇਂਦਰਾਂ 'ਚ ਬਦਲ ਦਿੱਤਾ ਹੈ। ਸਾਨੂੰ ਆਪਣੀਆਂ ਬੰਦਰਗਾਹਾਂ ਅਤੇ ਸਰਹੱਦਾਂ 'ਤੇ ਹੋਰ ਪੁਲਸ ਦੀ ਲੋੜ ਹੈ ਅਤੇ ਕਿੰਗ ਪਿੰਨਾਂ ਲਈ ਸਖ਼ਤ ਸਜ਼ਾਵਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹਰ ਕੋਈ ਜਾਣਦਾ ਹੈ, ਹਜ਼ਾਰਾਂ ਲੋਕ ਮੈਕਸੀਕੋ ਅਤੇ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੋ ਰਹੇ ਹਨ ਅਤੇ ਉਹ ਆਪਣੇ ਨਾਲ ਡਰੱਗਜ਼ ਅਤੇ ਅਪਰਾਧ ਲਿਆ ਰਹੇ ਹਨ। ਜੇਕਰ ਕੈਨੇਡਾ ਅਤੇ ਮੈਕਸੀਕੋ ਚਾਹੁਣ ਤਾਂ ਉਹ ਇਨ੍ਹਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕ ਸਕਦੇ ਹਨ ਅਤੇ ਉਨ੍ਹਾਂ ਕੋਲ ਅਜਿਹਾ ਕਰਨ ਦੀ ਸ਼ਕਤੀ ਵੀ ਹੈ। ਇਸ ਲਈ ਕੈਨੇਡਾ ਅਤੇ ਮੈਕਸੀਕੋ ਤੋਂ ਆਉਣ ਵਾਲੇ ਉਤਪਾਦਾਂ 'ਤੇ 25 ਫ਼ੀਸਦੀ ਟੈਰਿਫ਼ ਲਗਾਇਆ ਜਾਵੇਗਾ ਅਤੇ ਜਦੋਂ ਤੱਕ ਕੈਨੇਡਾ ਅਤੇ ਮੈਕਸੀਕੋ ਆਪਣੀ ਸਰਹੱਦ ਰਾਹੀਂ ਅਮਰੀਕਾ 'ਚ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨਹੀਂ ਰੋਕਦੇ, ਉਨ੍ਹਾਂ ਨੂੰ ਭਾਰੀ ਟੈਰਿਫ਼ ਦੇਣਾ ਪਵੇਗਾ। ਇਸ ਦੌਰਾਨ ਦੋ ਪੰਜਾਬੀ ਕੈਨੇਡੀਅਨ ਨੂੰ ਭਾਰੀ ਮਾਤਰਾ ਵਿਚ ਡਰੱਗ ਸਮੇਤ ਕਾਬੂ ਕੀਤਾ ਹੈ। ਇਲੀਨੋਇਸ ਸਟੇਟ ਪੁਲੀਸ ਨੇ ਆਇਓਵਾ ਸਟੇਟ ਲਾਈਨ ਨੇੜੇ ਇੱਕ ਸੈਮੀ-ਟ੍ਰੇਲਰ ਟਰੱਕ ਤੋਂ 40 ਮਿਲੀਅਨ ਡਾਲਰ ਤੋਂ ਵੱਧ ਦੀ ਕੋਕੀਨ ਜ਼ਬਤ ਕੀਤੀ ਹੈ। ਇਸ ਦੌਰਾਨ ਪੁਲੀਸ ਨੇ 27 ਸਾਲਾ ਵੰਸ਼ਪ੍ਰੀਤ ਸਿੰਘ ਅਤੇ 36 ਸਾਲਾ ਮਨਪ੍ਰੀਤ ਸਿੰਘ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ। ਵੰਸ਼ਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਹੈਨਰੀ ਕਾਊਂਟੀ ਜੇਲ੍ਹ ਵਿੱਚ ਰੱਖਿਆ ਗਿਆ ਹੈ।

# ਲੰਮੇ ਸੰਘਰਸ਼ ਤੋਂ ਬਾਅਦ ਸਰੀ ਪੁਲੀਸ ਨੇ ਸ਼ਹਿਰ ਦੇ ਅਮਨ ਕਾਨੂੰਨ ਦੀ ਵਾਗਡੋਰ ਸੰਭਾਲੀ





ਵੈਨਕੂਵਰ : ਲੰਮਾ ਸੰਘਰਸ਼ ਅਤੇ ਕਨੂੰਨੀ ਲੜਾਈਆਂ ਜਿੱਤਣ ਤੋਂ ਬਾਦ ਅਖੀਰ ਸਰੀ ਪੁਲੀਸ ਨੇ ਸ਼ਹਿਰ ਦੇ ਅਮਨ ਕਨੂੰਨ ਦੀ ਵਾਗਡੋਰ ਕੇਂਦਰੀ ਪੁਲੀਸ ਤੋਂ ਆਪਣੇ ਹੱਥ ਲੈ ਲਈ ਹੈ। ਰਾਇਲ ਕੈਨੇਡੀਅਨ ਮਾਉਂਟਡ ਪੁਲੀਸ (ਕੇਂਦਰੀ ਪੁਲੀਸ) 74 ਸਾਲਾਂ ਤੋਂ ਸਰੀ 'ਚ ਤੈਨਾਤ ਸੀ। ਇਸ ਬਦਲਾਅ ਨਾਲ ਸਰੀ ਕੈਨੇਡਾ ਦੇ ਉਨ੍ਹਾਂ ਚੋਣਵੇਂ ਸ਼ਹਿਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ, ਜਿੰਨ੍ਹਾਂ ਦੇ ਆਪਣੇ ਪੁਲੀਸ ਬੋਰਡ ਹਨ। ਪੁਲੀਸ ਬੋਰਡ ਦੇ ਮੁੱਖੀ ਨੌਰਮ ਲਪਿੰਸਕੀ ਨੇ ਸ਼ਹਿਰ ਦੇ ਅਮਨ ਕਨੂੰਨ ਦੀ ਜਿੰਮੇਵਾਰੀ ਆਪਣੀ ਪੁਲੀਸ ਦੇ ਹੱਥ ਆਉਣ ਤੇ ਤਸੱਲੀ ਅਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਨਾਲ ਗੈਰਸਮਾਜੀ ਅਨਸਰਾਂ ਦੇ ਮਨਾਂ ਵਿੱਚ ਪੁਲੀਸ ਸਖਤੀ ਦਾ ਡਰ ਤੇ ਸ਼ਹਿਰੀਆਂ ਦੇ ਮਨਾਂ ਚ ਸੁਰੱਖਿਆ ਦਾ ਅਹਿਸਾਸ ਉਜਾਗਰ ਹੋਵੇਗਾ। ਉਂਝ ਕਾਨੂੰਨੀ ਅੜ੍ਹਚਨਾਂ ਕਰਕੇ ਕੇਂਦਰੀ ਪੁਲੀਸ ਦੇ ਆਖਰੀ ਮੁਲਾਜ਼ਮ ਨੂੰ ਵਿਦਾ ਕਰਨ ਵਿੱਚ ਦੋ ਸਾਲ ਲੱਗ ਸਕਦੇ ਹਨ। ਸਰੀ 'ਚ ਤਾਇਨਾਤ ਕੁੱਲ ਪੁਲੀਸ ਨਫਰੀ 880 ਚੋਂ 446 ਪਹਿਲਾਂ ਹੀ ਸਰੀ ਪੁਲੀਸ ਦੀ ਭਰਤੀ ਹਨ, ਪਰ ਸਮੁੱਚੀ ਕਮਾਂਡ ਕੇਂਦਰੀ ਪੁਲੀਸ ਕੋਲ ਸੀ, ਜਿਸਦਾ ਹੁਣ ਉਲਟ ਫੇਰ ਹੋ ਗਿਆ ਹੈ। ਸਰੀ ਮਿਉਂਸਪੈਲਿਟੀ ਦੇ ਆਪਣੇ ਪੁਲੀਸ ਬੋਰਡ ਦੀ ਸਥਾਪਨਾ ਦਾ ਮਤਾ ਕੌਂਸਲ ਵਲੋਂ ਨਵੰਬਰ 2018 'ਚ ਪਾਸ ਕਰਨ ਤੋਂ ਬਾਦ ਪੁਲੀਸ ਬੋਰਡ ਸਥਾਪਤ ਹੋਇਆ ਸੀ, ਪਰ 2022 'ਚ ਨਵੀਂ ਮੇਅਰ ਬਰੈਂਡਾ ਲੌਕ ਵਲੋਂ ਕੇਂਦਰੀ ਪੁਲੀਸ ਦੇ ਹੱਕ ਵਿੱਚ ਡਟਣ ਕਾਰਨ, ਲੋਕਾਂ ਦੀ ਇਸ ਮੰਗ ਨੂੰ ਕਈ ਕਨੂੰਨੀ ਲ਼ੜਾਈਆਂ ਤੇ ਝੰਜਟਾਂ ਨਾਲ ਸਿੱਝਣਾ ਪਿਆ। ਸੂਬਾਈ ਸਰਕਾਰ ਦਾ ਸਰੀ ਪੁਲੀਸ ਦੇ ਹੱਕ ਵਿੱਚ ਖੜਨਾ ਕਾਰਗਰ ਸਾਬਤ ਹੋਇਆ ਤੇ ਸੁਪਰੀਮ ਕੋਰਟ ਵਲੋਂ ਫੈਸਲਾ ਸਰੀ ਪੁਲੀਸ ਦੀ ਸਥਾਪਨਾ ਦੇ ਹੱਕ ਵਿੱਚ ਦੇਣ ਨਾਲ ਇਸ ਉੱਤੇ ਪੱਕੀ ਮੋਹਰ ਲੱਗ ਗਈ। ਦੱਸਣਯੋਗ ਹੈ ਕਿ ਕੈਨੇਡਾ ਵਿੱਚ ਪੁਲੀਸ ਤਾਇਨਾਤੀ ਤੇ ਖਰਚ ਮਿਉਂਸਪੈਲਿਟੀਆ ਦੇ ਜਿੰਮੇ ਹੈ।


'ਯੂ.ਐਸ.ਏ. ਪੰਜਾਬ ਟੂਡੇ'


ਅਖ਼ਬਾਰ ਵਿਚ ਸ਼ਹਿਨਾਈਆਂ, ਵਰ੍ਹੇਗੰਢ ਅਤੇ ਬੱਚਿਆਂ ਦੇ ਜਨਮ ਦਿਨ, ਦੀ ਤਸਵੀਰ ਫਰੀ ਵਿਚ ਲਗਵਾ ਕੇ ਆਪਣੇ ਖ਼ੁਸ਼ੀ ਭਰੇ ਪਲ ਸਾਂਝੇ ਕਰ ਸਕਦੇ ਹੋ।

ਈ-ਮੇਲ ਕਰੋ :

sargamtv@gmail.com



# SHIVANI "SHIBU" JOSHI

**Founding Attorney**

## Legally Reliable



- Estate Planning
  (Wills, Trusts, Advance Heath care directive, Power of Attorney and more)
- Probate
- Family Law
- Immigration
- Personal Injury
- Business Law and more!



**Director of Expansion & Financial Planner**

GFI GLOBAL FINANCIAL IMPACT

- Zero Market Risk!
- Zero Tax on Growth!
- Zero Charge to Clients!

Life Insurance, Annuities, 401 K Rollover & more

**Calling all Licensed Agents & Potential Agents!**

Are you interested in a lucrative side or main business that's WFH and your own hours? Please reach out and consider joining our team! No Experience required and training provided. Must take and pass life insurance exam. Course included in Registration.

**Don't wait until it's too late!**

**Call : 833-4-My Estate, 833-469-3782**


Contact@legallyreliable.com | www.legallyreliable.com

# REAL ESTATE SERVICES



# ਖਾੜੀ ਦੇਸ਼ਾਂ ਵਿੱਚ ਫਸੇ 38 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਵਾਪਸ ਲਿਆਂਦਾ

ਜਲੰਧਰ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਖਾੜੀ ਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਵਾਪਸ ਦੇਸ਼ ਲਿਆਉਣ ਦੇ ਯਤਨਾਂ ਬਾਰੇ ਸੰਸਦ ਵਿੱਚ ਪੁੱਛੇ ਸਵਾਲ ਦਾ ਜਵਾਬ ਦਿੰਦਿਆ ਕੇਂਦਰ ਸਰਕਾਰ ਨੇ ਦਾਅਵਾ ਕੀਤਾ ਕਿ ਸਰਕਾਰ ਵੱਲੋਂ ਪਿਛਲੇ ਪੰਜਾਂ ਸਾਲਾਂ ਦੌਰਾਨ 38 ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਵਾਪਸ ਲਿਆਂਦਾ ਜਾ ਚੁੱਕਾ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਹਨ। ਜ਼ਿਕਰਯੋਗ ਹੈ ਕਿ ਖਾੜੀ ਦੇਸ਼ਾਂ ਵਿੱਚ ਪੰਜਾਬ ਦੀਆਂ ਧੀਆਂ-ਭੈਣਾਂ ਦੇ ਹੋ ਰਹੇ ਸ਼ੋਸ਼ਣ ਨੂੰ ਲੈ ਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਬੜੇ ਸੰਜੀਦਾ ਹਨ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਵੱਲੋਂ ਇਸ ਗੰਭੀਰ ਮੁੱਦੇ ਨੂੰ ਲੈ ਕੇ ਸਦਨ ਵਿੱਚ ਅਵਾਜ਼ ਚੁੱਕੀ ਜਾ ਰਹੀ ਹੈ। ਉਨ੍ਹਾਂ ਦੇ ਯਤਨਾਂ ਸਦਕਾ ਪਿਛਲੇ ਦੋ ਸਾਲਾਂ ਵਿੱਚ 100 ਤੋਂ ਵੱਧ ਪੰਜਾਬ ਦੀਆਂ ਧੀਆਂ-ਭੈਣਾਂ ਨੂੰ ਵਾਪਸ ਲਿਆਂਦਾ ਜਾ ਚੁੱਕਾ ਹੈ ਜਿਨ੍ਹਾਂ ਨੂੰ ਟਰੈਵਲ ਏਜੰਟਾਂ ਨੇ ਮੋਟੀਆਂ ਤਨਖਾਹਾਂ ਦਾ ਲਾਲਚ ਦੇ ਕੇ ਉੱਥੇ ਲਿਜਾ ਕੇ ਫਸਾ ਦਿੱਤਾ ਸੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਰਦ ਰੁੱਤ ਦੇ ਹੰਗਾਮਿਆ ਭਰਪੂਰ ਚਲ ਰਹੇ ਸੈਸ਼ਨ ਦੌਰਾਨ ਇਹ ਸਵਾਲ ਪੁੱਛਿਆ ਸੀ ਕਿ ਅਰਬ ਦੇਸ਼ਾਂ ਵਿੱਚ ਕਿੰਨੀਆਂ ਭਾਰਤੀ ਔਰਤਾਂ ਫਸੀਆਂ ਹੋਈਆਂ ਹਨ ਤੇ ਪਿਛਲੇ ਪੰਜਾਂ ਸਾਲਾਂ ਵਿੱਚ ਕਿੰਨੇ ਭਾਰਤੀਆਂ ਨੂੰ ਵਾਪਸ ਲਿਆਂਦਾ ਗਿਆ ਹੈ। ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਅਰਬ ਦੇਸ਼ਾਂ ਵਿੱਚੋਂ ਹੋ ਰਹੀ ਮਨੁੱਖੀ ਤਸਕਰੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ 9 ਦੇਸ਼ਾਂ ਵਿੱਚ ਭਾਰਤੀ ਨਾਗਰਿਕ ਫਸੇ ਹੋਏ ਸਨ। ਸੰਤ ਸੀਚੇਵਾਲ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆ ਮੰਤਰਾਲੇ ਵੱਲੋਂ ਦੱਸਿਆ ਗਿਆ ਕਿ ਅਰਬ ਦੇ 9 ਦੇਸ਼ਾਂ ਵਿੱਚੋਂ ਪੰਜਾਂ ਸਾਲਾਂ ਦੌਰਾਨ 38 ਹਜ਼ਾਰ 917 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਵਾਪਿਸ ਲਿਆਂਦਾ ਗਿਆ ਜਾ ਚੁੱਕਾ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਹ ਲਗਾਤਾਰ ਇਹ ਯਤਨ ਕਰ ਰਹੇ ਹਨ ਕਿ ਇਨ੍ਹਾਂ ਅਰਬ ਦੇਸ਼ਾਂ ਨੂੰ ਜਾਣ ਦੇ ਮਾਮਲੇ ਵਿੱਚ ਪੰਜਾਬ ਦੀਆਂ ਧੀਆਂ-ਭੈਣਾਂ ਗੁਰੇਜ਼ ਹੀ ਕਰਨ।



### ਮਸਕਟ ਵਿੱਚੋਂ ਸਭ ਤੋਂ ਵੱਧ ਭਾਰਤੀ ਵਾਪਸ ਲਿਆਂਦੇ

ਮਸਕਟ (ਓਮਾਨ) ਵਿੱਚ ਸਭ ਤੋਂ ਵੱਧ ਭਾਰਤੀ ਨਾਗਰਿਕਾਂ 17,454 ਨੂੰ ਵਾਪਸ ਲਿਆਂਦਾ ਗਿਆ ਹੈ। ਦੂਜੇ ਨੰਬਰ 'ਤੇ ਸਾਊਦੀ ਅਰਬ ਆਉਂਦਾ ਹੈ ਜਿੱਥੋਂ 10,023 ਭਾਰਤੀ ਨਾਗਰਿਕਾਂ ਨੂੰ ਦੇਸ਼ ਲਿਆਂਦਾ ਗਿਆ। ਇਸੇ ਤਰ੍ਹਾਂ ਕੁਵੈਤ ਵਿੱਚੋਂ ਵੀ 7,330, ਦੁਬਈ ਵਿੱਚੋਂ 3,568, ਕਤਰ ਵਿੱਚੋਂ 239, ਇਰਾਕ ਵਿੱਚੋਂ 180, ਲੀਬੀਆ ਵਿੱਚੋਂ 83 ਅਤੇ ਬੈਹਰੀਨ ਵਿੱਚੋਂ 35 ਜਣਿਆਂ ਨੂੰ ਵਾਪਸ ਲਿਆਉਣ ਵਿੱਚ ਕਾਮਜਾਬੀ ਮਿਲੀ ਹੈ। ਇੰਨ੍ਹਾਂ ਦੇਸ਼ਾਂ ਵਿੱਚੋਂ ਸੀਰੀਆ ਹੀ ਇੱਕਲੌਤਾ ਦੇਸ਼ ਹੈ। ਜਿੱਥੇ ਸਭ ਤੋਂ ਘੱਟ ਭਾਵ ਕਿ ਸਿਰਫ 5 ਭਾਰਤੀਆਂ ਨੂੰ ਵਾਪਸ ਲਿਆਂਦਾ ਜਾ ਸਕਿਆ ਹੈ।

# ਵੀਜ਼ਾ ਧੋਖਾਧੜੀ, ਅਮਰੀਕੀ ਇਮੀਗ੍ਰੇਸ਼ਨ ਪ੍ਰਕਿਰਿਆ ਦੀ ਦੁਰਵਰਤੋਂ ਲਈ ਇੰਫੋਸਿਸ ਨੂੰ 283 ਕਰੋੜ ਰੁਪਏ ਜੁਰਮਾਨਾ




ਨਵੀਂ ਦਿੱਲੀ : ਨਾਰਾਇਣ ਮੂਰਤੀ ਦੁਆਰਾ ਸਹਿ-ਸਥਾਪਿਤ ਸਲਾਹਕਾਰ, ਤਕਨਾਲੋਜੀ ਅਤੇ ਆਊਟਸੋਰਸਿੰਗ ਵਿੱਚ ਸ਼ਾਮਲ ਇੱਕ ਭਾਰਤੀ ਕੰਪਨੀ ਇਨਫੋਸਿਸ ਨੂੰ ਸੰਯੁਕਤ ਰਾਜ ਵਿੱਚ ਇਮੀਗ੍ਰੇਸ਼ਨ ਧੋਖਾਧੜੀ ਦੇ ਸਭ ਤੋਂ ਵੱਡੇ ਮਾਮਲੇ ਵਿੱਚ ਰਿਕਾਰਡ 283 ਕਰੋੜ ਰੁਪਏ (34 ਮਿਲੀਅਨ ਡਾਲਰ) ਦਾ ਜੁਰਮਾਨਾ ਲਗਾਇਆ ਗਿਆ ਹੈ। ਇੰਫੋਸਿਸ ਲਿਮਟਿਡ ਨੇ ਸਿਸਟਮਿਕ ਵੀਜ਼ਾ ਧੋਖਾਧੜੀ ਅਤੇ ਇਮੀਗ੍ਰੇਸ਼ਨ ਪ੍ਰਕਿਰਿਆਵਾਂ ਦੀ ਦੁਰਵਰਤੋਂ ਦੇ ਦੋਸ਼ਾਂ ਦੇ ਆਧਾਰ 'ਤੇ $34 ਮਿਲੀਅਨ ਦੇ ਰਿਕਾਰਡ ਸਿਵਲ ਬੰਦੋਬਸਤ ਲਈ ਸਹਿਮਤੀ ਦਿੱਤੀ ਹੈ, ਅਤੇ ਕਾਰਪੋਰੇਟ ਪਾਲਣਾ ਉਪਾਵਾਂ ਨੂੰ ਵਧਾਉਣ ਲਈ ਵੀ ਸਹਿਮਤੀ ਦਿੱਤੀ ਹੈ, ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਰਿਪੋਰਟ ਦਿੱਤੀ ਹੈ। ਇਹ ਬੇਮਿਸਾਲ ਜ਼ੁਰਮਾਨਾ ਕਿਸੇ ਇਮੀਗ੍ਰੇਸ਼ਨ ਧੋਖਾਧੜੀ ਦੇ ਕੇਸ ਵਿੱਚ ਲਗਾਇਆ ਗਿਆ ਹੁਣ ਤੱਕ ਦਾ ਸਭ ਤੋਂ ਵੱਡਾ ਜ਼ੁਰਮਾਨਾ ਹੈ, ਜੋ ਬਹੁ-ਰਾਸ਼ਟਰੀ ਕੰਪਨੀਆਂ ਦੇ ਅੰਦਰ ਕਾਰਪੋਰੇਟ ਪਾਲਣਾ ਅਤੇ ਨੈਤਿਕ ਅਭਿਆਸਾਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਦੋਸ਼ਾਂ ਦੇ ਅਨੁਸਾਰ, ਇੰਫੋਸਿਸ ਨੇ ਐਚ-1ਬੀ ਵੀਜ਼ਾ ਦੀ ਬਜਾਏ ਆਪਣੇ ਕਰਮਚਾਰੀਆਂ ਨੂੰ ਬੀ-1 ਵਿਜ਼ਟਰ ਵੀਜ਼ਾ ਜਾਰੀ ਕਰਕੇ ਯੂਐਸ ਵੀਜ਼ਾ ਨਿਯਮਾਂ ਦੀ ਉਲੰਘਣਾ ਕੀਤੀ, ਇੱਕ ਅਭਿਆਸ, ਜਿਸ ਨੇ ਕਥਿਤ ਤੌਰ 'ਤੇ ਨਰਾਇਣ ਮੂਰਤੀ ਦੀ ਅਗਵਾਈ ਵਾਲੀ ਤਕਨੀਕੀ ਕੰਪਨੀ ਨੂੰ ਸਖਤ ਤਨਖਾਹ ਅਤੇ ਇਮੀਗ੍ਰੇਸ਼ਨ ਜ਼ਰੂਰਤਾਂ ਨੂੰ ਬਾਈਪਾਸ ਕਰਨ ਦੀ ਇਜਾਜ਼ਤ ਦਿੱਤੀ। ਕੰਪਨੀ ਆਪਣੀ ਕਿਰਤ ਲਾਗਤਾਂ ਨੂੰ ਘਟਾਉਣ ਵਿੱਚ ਇੱਕ ਅਨੁਚਿਤ ਫਾਇਦਾ ਹੈ।

ਇਨਫੋਸਿਸ ਦੇ ਖਿਲਾਫ ਦੋਸ਼ਾਂ ਵਿੱਚ ਅੱਗੇ ਦਾਅਵਾ ਕੀਤਾ ਗਿਆ ਹੈ ਕਿ ਵੀਜ਼ਾ ਨਿਯਮਾਂ ਦੀ ਇਸਦੀ ਸ਼ਰੇਆਮ ਦੁਰਵਰਤੋਂ ਨਿਰਪੱਖ ਕਿਰਤ ਅਭਿਆਸਾਂ ਅਤੇ ਯੂਐਸ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਨੂੰ ਕਮਜ਼ੋਰ ਕਰਦੀ ਹੈ। ਕੰਪਨੀ ਨੇ ਇਸ ਦੇ ਖਿਲਾਫ ਮੁਕੱਦਮੇ ਲਈ ਸਹਿਮਤੀ ਦਿੱਤੀ ਹੈ ਅਤੇ ਭਵਿੱਖ ਵਿੱਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਨੂੰ ਰੋਕਣ ਅਤੇ ਵੀਜ਼ਾ ਅਭਿਆਸਾਂ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਕਾਰਪੋਰੇਟ ਪੱਧਰ 'ਤੇ ਸਖਤ ਪਾਲਣਾ ਉਪਾਵਾਂ ਨੂੰ ਲਾਗੂ ਕਰਨ ਲਈ ਵੀ ਸਹਿਮਤੀ ਦਿੱਤੀ ਹੈ। ਭਾਵੇਂ ਕਿ ਇਨਫੋਸਿਸ ਨੇ ਆਪਣੇ ਵਿਰੁੱਧ ਲਗਾਏ ਗਏ ਦੋਸ਼ਾਂ ਲਈ ਜ਼ਿੰਮੇਵਾਰੀ ਸਵੀਕਾਰ ਨਹੀਂ ਕੀਤੀ ਹੈ, ਭਾਰੀ ਜੁਰਮਾਨਾ ਵੱਡੀਆਂ ਕਾਰਪੋਰੇਸ਼ਨਾਂ ਲਈ ਇੱਕ ਮਜ਼ਬੂਤ ਰੋਕ ਦਾ ਕੰਮ ਕਰਦਾ ਹੈ, ਉਹਨਾਂ ਨੂੰ ਵੱਖ-ਵੱਖ ਦੇਸ਼ਾਂ ਵਿੱਚ ਕਾਨੂੰਨੀ ਮਾਪਦੰਡਾਂ ਅਤੇ ਨਿਰਪੱਖ ਅਭਿਆਸਾਂ ਦੀ ਪਾਲਣਾ ਕਰਨ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ।

Law Offices of
Ashwani K. Bhakhri



ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ


ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ

Ashwani Kumar Bhakhri
Attorney at Law

1299 Bayshore Hwy
Suite 208 Burlingame
CA 94010

(650) 685-6334
(916) 379-9700
(209) 666-4220

www.bhakhrilawfirm.us | bhakhrilawfirm@gmail.com



# ਦੁਨੀਆਂ ਭਰ ’ਚ ਹਥਿਆਰ ਖਰੀਦਣ ਦੀ ਦੌੜ

## • ਪਹਿਲੀ ਵਾਰ 1 ਅਰਬ ਡਾਲਰ ਤੋਂ ਵੱਧ ਦੀ ਵਿਕਰੀ

ਵਾਸ਼ਿੰਗਟਨ : ਦੁਨੀਆਂ ਦੇ ਕਈ ਹਿੱਸਿਆਂ ’ਚ ਚੱਲ ਰਹੀਆਂ ਜੰਗਾਂ ਨੇ ਹਥਿਆਰਾਂ ਦੀ ਵਿਕਰੀ ਨੂੰ ਲੈ ਕੇ ਮੁਕਾਬਲੇਬਾਜ਼ੀ ਵਧਾ ਦਿੱਤੀ ਹੈ। ਯੂਕਰੇਨ ਅਤੇ ਗਾਜ਼ਾ ਵਿਚ ਜੰਗ ਅਤੇ ਏਸ਼ੀਆ ਵਿਚ ਤਣਾਅ ਨੇ ਪ੍ਰਮੁੱਖ ਹਥਿਆਰ ਨਿਰਮਾਤਾਵਾਂ ਦੀ ਵਿਕਰੀ ਵਿਚ ਵਾਧਾ ਕੀਤਾ ਹੈ। ਰੂਸ, ਅਮਰੀਕਾ ਅਤੇ ਏਸ਼ੀਆ ਤੋਂ ਹਥਿਆਰ ਨਿਰਮਾਤਾਵਾਂ ਦੀ ਵਿਕਰੀ ਵਿਚ ਕਾਫੀ ਵਾਧਾ ਹੋਇਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਦੁਨੀਆਂ ਦੀਆਂ 100 ਸਭ ਤੋਂ ਵੱਡੀਆਂ ਹਥਿਆਰ ਕੰਪਨੀਆਂ ਦੀ ਵਿਕਰੀ 2023 ਵਿਚ 4.2 ਪ੍ਰਤੀਸ਼ਤ ਵਧ ਕੇ 632 ਬਿਲੀਅਨ ਡਾਲਰ ਹੋ ਗਈ ਹੈ। ਰਿਪੋਰਟ ਅਨੁਸਾਰ ਸਾਲ 2022 ਵਿਚ ਹਥਿਆਰਾਂ ਦੇ ਨਿਰਮਾਣ ਨਾਲ ਸਬੰਧਤ ਮਾਲੀਏ ਵਿਚ ਗਿਰਾਵਟ ਦੇਖੀ ਗਈ ਕਿਉਂਕਿ ਗਲੋਬਲ ਹਥਿਆਰ ਨਿਰਮਾਤਾ ਮੰਗ ਵਿਚ ਵਾਧੇ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਸਨ, ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਪਿਛਲੇ ਸਾਲ 2023 ਵਿਚ ਉਤਪਾਦਨ ਵਧਾਉਣ



ਵਿਚ ਕਾਮਯਾਬ ਰਹੇ। ਹਥਿਆਰਾਂ ਦੀ ਮੰਗ ਵਿਚ ਇਸ ਵਾਧੇ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਪਿਛਲੇ ਸਾਲ ਪਹਿਲੀ ਵਾਰ 100 ਕੰਪਨੀਆਂ ਨੇ ਇਕ ਅਰਬ ਡਾਲਰ ਤੋਂ ਵੱਧ ਦੀ ਵਿਕਰੀ ਹਾਸਲ ਕੀਤੀ। ਫੌਜੀ ਖਰਚੇ ਅਤੇ ਹਥਿਆਰਾਂ ਦੇ ਉਤਪਾਦਨ ਦੇ ਖੋਜੀ ਲੋਰੇਂਜ਼ੋ ਸਕਾਰਜ਼ਾਟੋ ਦਾ ਕਹਿਣਾ ਹੈ ਕਿ 2023 ਵਿਚ ਹਥਿਆਰਾਂ ਦੇ ਮਾਲੀਏ ਵਿਚ ਮਹੱਤਵਪੂਰਨ ਵਾਧਾ ਹੋਇਆ ਅਤੇ ਇਹ 2024 ਵਿਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਸਕਾਰਜ਼ਾਟੋ ਨੇ ਕਿਹਾ, “ਦੁਨੀਆਂ ਦੀਆਂ ਚੋਟੀ ਦੀਆਂ 100 ਹਥਿਆਰ ਕੰਪਨੀਆਂ ਦੁਆਰਾ ਵਿਕਰੀ ਅਜੇ ਵੀ ਮੰਗ ਦੇ ਪੈਮਾਨੇ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦੀ ਹੈ।” ਕਈ ਕੰਪਨੀਆਂ ਨੇ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਦਰਸਾਉਂਦਾ ਹੈ ਕਿ ਉਹ ਭਵਿੱਖ ਦੀ ਵਿਕਰੀ ਨੂੰ ਵਧਾਉਣ ਜਾ ਰਹੇ ਹਨ। ਸੰਸਥਾ ਨੇ ਕਿਹਾ ਕਿ ਗਾਜ਼ਾ ਅਤੇ ਯੂਕ੍ਰੇਨ ਵਿਚ ਜੰਗ, ਪੂਰਬੀ ਏਸ਼ੀਆ ਵਿਚ ਵਧਦੇ ਤਣਾਅ ਅਤੇ ਹੋਰ ਖੇਤਰਾਂ ਵਿਚ ਹਥਿਆਰਾਂ ਦੇ ਪ੍ਰੋਗਰਾਮਾਂ ਨਾਲ ਸਬੰਧਤ ਮੰਗ ਨੂੰ ਪੂਰਾ ਕਰਨ ਵਿਚ ਛੋਟੇ ਉਤਪਾਦਕ ਵਧੇਰੇ ਪ੍ਰਭਾਵਸ਼ਾਲੀ ਰਹੇ ਹਨ। ਹਥਿਆਰਾਂ ਦੇ ਪ੍ਰਮੁੱਖ ਉਤਪਾਦਕਾਂ ਵਿਚ ਸ਼ਾਮਲ ਅਮਰੀਕੀ ਕੰਪਨੀਆਂ ਨੇ ਪਿਛਲੇ ਸਾਲ ਆਪਣੀ ਵਿਕਰੀ ਵਿਚ 2.5 ਫੀਸਦੀ ਵਾਧਾ ਦਰਜ ਕੀਤਾ। ਇਹ ਦੁਨੀਆਂ ਦੇ ਹਥਿਆਰਾਂ ਦੇ ਮਾਲੀਏ ਦਾ ਅੱਧਾ ਹਿੱਸਾ ਬਣਾਉਂਦੇ ਹਨ। ਦੁਨੀਆਂ ਦੇ ਚੋਟੀ ਦੇ 100 ਵਿਚ 41 ਅਮਰੀਕੀ ਹਥਿਆਰ ਉਤਪਾਦਕ ਹਨ। ਦੂਜੇ ਪਾਸੇ ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਹਥਿਆਰ ਨਿਰਮਾਤਾ ਕੰਪਨੀਆਂ ਲਾਕਹੀਡ ਮਾਰਟਿਨ ਅਤੇ ਆਰਟੀਐਕਸ (ਪਹਿਲਾਂ ਰੇਥੀਓਨ ਟੈਕਨਾਲੋਜੀਜ਼) ਦੀ ਆਮਦਨ ਵਿਚ ਕ੍ਰਮਵਾਰ 1.6 ਪ੍ਰਤੀਸ਼ਤ ਅਤੇ 1.3 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ। ਰਿਪੋਰਟ ਮੁਤਾਬਕ ਰੈਂਕਿੰਗ ’ਚ ਦੋ ਰੂਸੀ ਗਰੁੱਪਾਂ ਦੀ ਹਥਿਆਰਾਂ ਦੀ ਵਿਕਰੀ ’ਚ 40 ਫੀਸਦੀ ਦਾ ਵਾਧਾ ਹੋਇਆ ਹੈ। ਇਹ ਮੁੱਖ ਤੌਰ ’ਤੇ ਸਰਕਾਰੀ ਮਾਲਕੀ ਵਾਲੇ ਸਮੂਹ ਰੋਸਟੈਕ ਦੀ ਵਿਕਰੀ ਵਿਚ 49 ਪ੍ਰਤੀਸ਼ਤ ਵਾਧੇ ਕਾਰਨ ਸੀ। ਦਰਜਾਬੰਦੀ ਵਿਚ ਤਿੰਨ ਇਜ਼ਰਾਈਲੀ ਨਿਰਮਾਤਾਵਾਂ ਨੇ 13.6 ਬਿਲੀਅਨ ਡਾਲਰ ਦੀ ਰਿਕਾਰਡ ਵਿਕਰੀ ਦੀ ਰਿਪੋਰਟ ਕੀਤੀ, ਜੋ ਪਿਛਲੇ ਸਾਲ ਨਾਲੋਂ 15 ਪ੍ਰਤੀਸ਼ਤ ਵੱਧ ਹੈ। ਤੁਰਕੀ ਵਿਚ ਆਧਾਰਿਤ ਤਿੰਨ ਸਮੂਹਾਂ ਨੇ ਵਿਕਰੀ ਵਿਚ 24 ਪ੍ਰਤੀਸ਼ਤ ਵਾਧਾ ਦੇਖਿਆ। ਏਸ਼ੀਆ ਵਿਚ ਮੁੜ ਹਥਿਆਰ ਬਣਾਉਣ ਦੇ ਰੁਝਾਨ ਕਾਰਨ ਚਾਰ ਦੱਖਣੀ ਕੋਰੀਆਈ ਨਿਰਮਾਤਾਵਾਂ ਦੀ ਵਿਕਰੀ ਵਿਚ ਵਾਧਾ ਹੋਇਆ ਅਤੇ ਉਨ੍ਹਾਂ ਦੇ ਮਾਲੀਏ ਵਿਚ 39 ਪ੍ਰਤੀਸ਼ਤ ਵਾਧਾ ਹੋਇਆ। ਪੰਜ ਜਾਪਾਨੀ ਕੰਪਨੀਆਂ ਨੇ ਮਾਲੀਏ ਵਿਚ 35 ਪ੍ਰਤੀਸ਼ਤ ਵਾਧਾ ਦੇਖਿਆ। ਨੌਂ ਚੀਨੀ ਕੰਪਨੀਆਂ ਨੇ 0.7 ਪ੍ਰਤੀਸ਼ਤ ਦੀ ਆਮਦਨੀ ਵਿੱਚ ਵਾਧਾ ਦਰਜ ਕੀਤਾ ਪਰ 103 ਬਿਲੀਅਨ ਡਾਲਰ ਦੀ ਵਿਕਰੀ ਕੀਤੀ।

# ਇਤਿਹਾਸ ’ਚ ਸਭ ਤੋਂ ਹੇਠਲੇ ਪੱਧਰ...

ਮਹਿੰਗੀਆਂ ਹੋ ਗਈਆਂ ਹਨ। ਜੇਕਰ ਤੁਸੀਂ ਸੋਚ ਰਹੇ ਹੋ ਕਿ ਆਮ ਆਦਮੀ ਇੰਪੋਰਟਡ ਚੀਜ਼ਾਂ ਦੀ ਵਰਤੋਂ ਨਹੀਂ ਕਰਦਾ, ਪਰ ਇਹ ਗਲਤ ਹੈ। ਭਾਰਤ ਆਪਣੀ ਤੇਲ ਲੋੜ ਦਾ 85 ਫੀਸਦੀ ਬਾਹਰੋਂ ਦਰਾਮਦ ਕਰਦਾ ਹੈ। ਹੁਣ ਗਣਿਤ ਨੂੰ ਸਮਝੋ ਕਿ ਜੇਕਰ ਤੇਲ ਯਾਨੀ ਪੈਟਰੋਲ ਅਤੇ ਡੀਜ਼ਲ ਮਹਿੰਗਾ ਹੋ ਗਿਆ ਤਾਂ ਮਾਲ ਢੋਆ-ਢੁਆਈ ਵੀ ਵਧੇਗੀ ਅਤੇ ਇਸ ਦਾ ਸਿੱਧਾ ਅਸਰ ਆਮ ਆਦਮੀ ਦੀਆਂ ਵਸਤਾਂ ’ਤੇ ਪਵੇਗਾ ਅਤੇ ਦੇਸ਼ ’ਚ ਮਹਿੰਗਾਈ ਵਧੇਗੀ।

### ਆਰਥਿਕਤਾ ’ਤੇ ਦਬਾਅ

ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਦਾ ਅਸਰ ਭਾਰਤੀ ਅਰਥਵਿਵਸਥਾ ’ਤੇ ਵੀ ਪਵੇਗਾ। ਸਭ ਤੋਂ ਪਹਿਲਾਂ ਆਰ.ਬੀ.ਆਈ. ਦੇ ਵਿਦੇਸ਼ੀ ਮੁਦਰਾ ਭੰਡਾਰ ’ਚ ਕਮੀ ਆ ਸਕਦੀ ਹੈ, ਕਿਉਂਕਿ ਰੁਪਏ ਦੀ ਗਿਰਾਵਟ ਨੂੰ ਰੋਕਣ ਲਈ ਰਿਜ਼ਰਵ ਬੈਂਕ ਨੂੰ ਆਪਣੇ ਭੰਡਾਰ ’ਚੋਂ ਡਾਲਰ ਖਰਚ ਕਰਨੇ ਪੈ ਸਕਦੇ ਹਨ। ਇਸ ਤੋਂ ਇਲਾਵਾ ਦੇਸ਼ ਦੇ ਬਰਾਮਦਕਾਰਾਂ ਨੂੰ ਫਾਇਦਾ ਹੋਵੇਗਾ ਪਰ ਦਰਾਮਦਕਾਰਾਂ ਨੂੰ ਬਾਹਰੋਂ ਇਲੈਕਟ੍ਰੋਨਿਕਸ ਅਤੇ ਖਾਦ ਮੰਗਵਾਉਣ ਲਈ ਜ਼ਿਆਦਾ ਪੈਸਾ ਖਰਚ ਕਰਨਾ ਪਵੇਗਾ। ਜ਼ਾਹਿਰ ਹੈ ਕਿ ਜੇਕਰ ਦਰਾਮਦ ’ਚ ਕਮੀ ਆਈ ਤਾਂ ਅਰਥਵਿਵਸਥਾ ਵੀ ਕਮਜ਼ੋਰ ਹੋਵੇਗੀ।

### ਮਹਿੰਗਾ ਹੈ ਪੜ੍ਹਾਈ ਕਰਨਾ ਅਤੇ ਵਿਦੇਸ਼ ਜਾਣਾ

ਇਸ ਦਾ ਅਸਰ ਆਮ ਆਦਮੀ ’ਤੇ ਪੈਣ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਵਿਦੇਸ਼ਾਂ ’ਚ ਪੜ੍ਹਾਉਣ ਦੀ ਇੱਛਾ ਰੱਖਣ ਵਾਲੇ ਮਾਪਿਆਂ ਨੂੰ ਵੀ ਜ਼ਿਆਦਾ ਖੱਜਲ-ਖੁਆਰ ਹੋਣਾ ਪਵੇਗਾ। ਅਜਿਹਾ ਇਸ ਲਈ ਕਿਉਂਕਿ ਇਕ ਪਾਸੇ ਜਿੱਥੇ ਪੜ੍ਹਾਈ ਦੀਆਂ ਫੀਸਾਂ ਵੀ ਮਹਿੰਗੀਆਂ ਹੋਣਗੀਆਂ ਉੱਥੇ ਹੀ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਰਹਿਣ ਲਈ ਵੀ ਜ਼ਿਆਦਾ ਪੈਸੇ ਦੇਣੇ ਪੈਣਗੇ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ’ਚ ਡਾਲਰਾਂ ’ਚ ਖਰਚ ਕਰਨਾ ਹੋਵੇਗਾ, ਜਦੋਂ ਕਿ ਉਨ੍ਹਾਂ ਦੇ ਮਾਪੇ ਪੈਸੇ ਨੂੰ ਡਾਲਰਾਂ ’ਚ ਬਦਲ ਕੇ ਭੇਜਣਗੇ। ਹੁਣ ਤੁਹਾਨੂੰ ਇਸਦੇ ਲਈ ਜ਼ਿਆਦਾ ਪੈਸੇ ਦੇਣੇ ਪੈਣਗੇ। ਇਸੇ ਤਰ੍ਹਾਂ ਵਿਦੇਸ਼ ਜਾਣ ਵਾਲਿਆਂ ਨੂੰ ਵੀ ਜ਼ਿਆਦਾ ਪੈਸੇ ਦੇਣੇ ਪੈਣਗੇ।

USA Punjab Today

Ph. : 510-943-8037, Email : sargamtv@gmail.com

ADVERTISEMENT RATE LIST

Quarter Page Color Inside per Issue ..................$500.00

Half Page Color Inside per Issue ......................$600.00

Full Page Color Inside per Issue ........................$800.00

NOW YOU CAN USA PUNJAB TODAY NEWSPAPERS GET FROM HERE




Shan-e-Punjab
supermarket Indian
Grocery - Sweets,
Snacks, Spices, Etc.
4741 W Shaw Ave #106, Fresno, CA 93722




‘ਯੂ.ਐਸ.ਏ. ਪੰਜਾਬ ਟੂਡੇ’ ਅਖ਼ਬਾਰ ਵਿੱਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ, ਕਲਾਸੀਫਾਈਡ ਜਾਂ ਵਿਆਹ ਸੰਬੰਧੀ ਦਾਅਵਿਆਂ ਲਈ ‘ਯੂ.ਐਸ.ਏ. ਪੰਜਾਬ ਟੂਡੇ’ ਜ਼ਿੰਮੇਵਾਰ ਨਹੀਂ ਹੈ। ਅਖ਼ਬਾਰ ਵਿੱਚ ਛਪਦੇ ਇਸ਼ਤਿਹਾਰਾਂ ਨਾਲ ਸੰਬੰਧਿਤ ਕੰਪਨੀਆਂ ਨਾਲ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੈ। ਅਖ਼ਬਾਰ ਵਿਚ ਛਪੇ ਕਿਸੇ ਵੀ ਲੇਖ ਦੇ ਵਿਚਾਰਾਂ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

USA Punjab Today is not responsible for any advertisement, classifieds or matrimonial claims made in published in USA Punjab Today newspaper. The person dealing with the companies advertisements published in the newspaper is himself responsible.





9216 Magnolia Ave Riverside CA 92503
Contact : 951-324-1903, 818-725-2850



# ਬਾਇਡਨ ਨੇ ਪੁੱਤਰ ਹੰਟਰ ਦੇ ਗੁਨਾਹ ਕੀਤੇ ਮੁਆਫ਼

## ਪੁੱਤਰ ਖ਼ਿਲਾਫ਼ ਮੁਕੱਦਮੇ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ



ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪੁੱਤਰ ਹੰਟਰ ਬਾਇਡਨ ਨੂੰ ਸਾਰੇ ਗੁਨਾਹਾਂ ਤੋਂ ਮੁਆਫ਼ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਹੋਣ ਕਰਕੇ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਨਾਲ ਹੰਟਰ ਸੰਘੀ ਬੰਦੂਕ ਅਤੇ ਟੈਕਸ ਦੋਸ਼ਾਂ ਲਈ ਸੰਭਾਵਿਤ ਜੇਲ੍ਹ ਦੀ ਸਜ਼ਾ ਤੋਂ ਬਚ ਗਿਆ ਹੈ। ਕਰੀਬ ਇਕ ਮਹੀਨੇ ਬਾਅਦ ਰਾਸ਼ਟਰਪਤੀ ਦੇ ਅਹੁਦੇ ਤੋਂ ਲਾਂਭੇ ਹੋਣ ਤੋਂ ਪਹਿਲਾਂ ਜੋਅ ਬਾਇਡਨ ਨੇ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੁੱਤਰ ਹੰਟਰ ਨੂੰ ਮੁਆਫ਼ੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਕਿਹਾ ਸੀ ਕਿ ਉਹ ਆਪਣੇ ਪੁੱਤਰ ਨੂੰ ਡੈਲਾਵੇਅਰ ਅਤੇ ਕੈਲੀਫੋਰਨੀਆ ਦੇ ਦੋ ਮਾਮਲਿਆਂ 'ਚ ਦੋਸ਼ੀ ਠਹਿਰਾਏ ਜਾਣ ਮਗਰੋਂ ਉਸ ਨੂੰ ਮੁਆਫ਼ ਨਹੀਂ ਕਰਨਗੇ ਜਾਂ ਉਸ ਦੀ ਸਜ਼ਾ ਘੱਟ ਨਹੀਂ ਕਰਨਗੇ। ਇਕ ਬਿਆਨ 'ਚ ਬਾਇਡਨ ਨੇ ਕਿਹਾ, 'ਅੱਜ ਮੈਂ ਆਪਣੇ ਪੁੱਤਰ ਹੰਟਰ ਲਈ ਮੁਆਫ਼ੀਨਾਮੇ ਵਾਲੇ ਪੱਤਰ 'ਤੇ ਦਸਤਖ਼ਤ ਕੀਤੇ ਹਨ।' ਜੋਅ ਬਾਇਡਨ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪੁੱਤਰ ਖ਼ਿਲਾਫ਼ ਮੁਕੱਦਮਾ ਸਿਆਸਤ ਤੋਂ ਪ੍ਰੇਰਿਤ ਸੀ ਅਤੇ ਨਿਆਂ ਦਾ ਮਖੌਲ ਉਡਾਇਆ ਗਿਆ ਸੀ। ਉਨ੍ਹਾਂ ਉਮੀਦ ਜਤਾਈ ਕਿ ਅਮਰੀਕੀ ਸਮਝਣਗੇ ਕਿ ਇਕ ਪਿਤਾ ਅਤੇ ਇਕ ਰਾਸ਼ਟਰਪਤੀ ਨੇ ਅਜਿਹਾ ਫ਼ੈਸਲਾ ਕਿਉਂ ਲਿਆ ਹੈ। ਉਨ੍ਹਾਂ ਕਿਹਾ, 'ਹੰਟਰ ਦੇ ਮਾਮਲਿਆਂ ਦੇ ਤੱਥਾਂ ਨੂੰ ਦੇਖਣ ਵਾਲਾ ਕੋਈ ਵੀ ਸਮਝਦਾਰ ਵਿਅਕਤੀ ਕਿਸੇ ਹੋਰ ਨਤੀਜੇ 'ਤੇ ਨਹੀਂ ਪਹੁੰਚ ਸਕਦਾ, ਸਿਰਫ਼ ਇਸ ਦੇ ਕਿ ਹੰਟਰ ਨੂੰ ਸਿਰਫ਼ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਮੇਰਾ ਪੁੱਤਰ ਹੈ।'

# ਨਵੇਂ ਵਾਇਰਸ ਦਾ ਕਹਿਰ, ਅੱਖਾਂ ਵਿਚੋਂ ਵਗਦਾ ਹੈ ਖ਼ੂਨ ਤੇ ਮੌਤ, ਡਬਲਿਊ.ਐਚ.ਓ. ਦਾ ਅਲਰਟ

ਨਵੀਂ ਦਿੱਲੀ : ਅਜੇ ਤੱਕ ਕੋਵਿਡ ਪੂਰੀ ਤਰ੍ਹਾਂ ਦੁਨੀਆਂ ਤੋਂ ਖਤਮ ਨਹੀਂ ਹੋਇਆ ਅਤੇ ਨਵੇਂ-ਨਵੇਂ ਵਾਇਰਸ ਫੈਲ ਰਹੇ ਹਨ। ਅਫਰੀਕੀ ਦੇਸ਼ ਰਵਾਂਡਾ 'ਚ ਇਨ੍ਹੀਂ ਦਿਨੀਂ ਮਾਰਬਰਗ ਵਾਇਰਸ ਕਹਿਰ ਮਚਾ ਰਿਹਾ ਹੈ ਅਤੇ ਇਸ ਕਾਰਨ 15 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਾਰਬਰਗ ਵਾਇਰਸ ਨਾਲ ਸੈਂਕੜੇ ਲੋਕ ਸੰਕਰਮਿਤ ਹੋਏ ਹਨ ਅਤੇ ਇਸ ਦੇ ਵਧਦੇ ਖ਼ਤਰੇ ਨੂੰ ਦੇਖਦੇ ਹੋਏ ਲਗਭਗ 17 ਦੇਸ਼ਾਂ ਵਿਚ ਯਾਤਰੀਆਂ ਲਈ ਅਲਰਟ ਜਾਰੀ ਕੀਤਾ ਗਿਆ ਹੈ। ਮਾਰਬਰਗ ਵਾਇਰਸ ਕਾਰਨ ਲੋਕਾਂ ਦੀਆਂ ਅੱਖਾਂ ਵਿਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਇਸ ਨੂੰ ਬਲੀਡਿੰਗ ਆਈ ਵਾਇਰਸ ਵੀ ਕਿਹਾ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਮਾਰਬਰਗ ਵਾਇਰਸ ਇਬੋਲਾ ਵਾਇਰਸ ਫੈਮਿਲੀ ਨਾਲ ਸਬੰਧਤ ਹੈ, ਜੋ ਵਾਇਰਲ ਹੈਮੋਰੇਜਿਕ ਬੁਖ਼ਾਰ ਦਾ ਕਾਰਨ ਬਣਦਾ ਹੈ। ਇਹ ਵਾਇਰਸ ਲੋਕਾਂ ਦੀਆਂ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਅੰਦਰੂਨੀ ਖ਼ੂਨ ਵਹਿਣ ਦੀ ਸਥਿਤੀ ਦਾ ਕਾਰਨ ਬਣ ਸਕਦਾ ਹੈ। ਮਾਰਬਰਗ ਵਾਇਰਸ ਇੱਕ ਜ਼ੂਨੋਟਿਕ ਵਾਇਰਸ ਹੈ, ਯਾਨੀ ਇਹ ਜਾਨਵਰਾਂ ਤੋਂ ਮਨੁੱਖਾਂ ਵਿੱਚ ਫੈਲਦਾ ਹੈ। ਇਹ ਸਿਰਫ਼ ਚਮਗਿੱਦੜਾਂ ਤੋਂ ਉਤਪੰਨ ਹੁੰਦਾ ਹੈ ਅਤੇ ਉਨ੍ਹਾਂ ਦੇ ਖ਼ੂਨ, ਪਿਸ਼ਾਬ ਜਾਂ ਥੁੱਕ ਦੇ ਸੰਪਰਕ ਰਾਹੀਂ ਮਨੁੱਖਾਂ ਵਿੱਚ ਫੈਲਦਾ ਹੈ। ਇਹ ਵਾਇਰਸ ਬਹੁਤ ਖ਼ਤਰਨਾਕ ਹੈ ਅਤੇ ਇਸ ਨਾਲ ਸੰਕਰਮਿਤ ਹੋਣ 'ਤੇ ਕਈ ਲੋਕ ਆਪਣੀ ਜਾਨ ਗੁਆ ਦਿੰਦੇ ਹਨ।



### ਮਾਰਬਰਗ ਵਾਇਰਸ ਦੇ ਲੱਛਣ ਕੀ ਹਨ ?

ਡਬਲਿਊ.ਐਚ.ਓ. ਮੁਤਾਬਕ ਮਾਰਬਰਗ ਵਾਇਰਸ ਦੇ ਲੱਛਣ ਇਬੋਲਾ ਵਾਇਰਸ ਵਰਗੇ ਹਨ। ਇਸ ਵਾਇਰਸ ਨਾਲ ਸੰਕਰਮਿਤ ਹੋਣ ਉਤੇ ਲੋਕ ਤੇਜ਼ ਬੁਖਾਰ, ਗੰਭੀਰ ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਉਲਟੀਆਂ, ਗਲੇ ਵਿੱਚ ਖਰਾਸ਼, ਧੱਫੜ ਅਤੇ ਦਸਤ ਵਰਗੀਆਂ ਸਮੱਸਿਆਵਾਂ ਤੋਂ ਪੀੜਤ ਹੋ ਸਕਦੇ ਹਨ। ਗੰਭੀਰ ਮਾਮਲਿਆਂ ਵਿੱਚ ਇਹ ਖ਼ੂਨ ਵਹਿ ਸਕਦਾ ਹੈ ਅਤੇ ਅੰਗ ਫੇਲ੍ਹ ਹੋ ਸਕਦੇ ਹਨ, ਜਿਸ ਨਾਲ ਲੋਕਾਂ ਦੀ ਮੌਤ ਹੋ ਸਕਦੀ ਹੈ। ਜੇਕਰ ਵਾਇਰਸ ਦੀ ਲਾਗ ਹੋਰ ਵੱਧ ਜਾਂਦੀ ਹੈ, ਤਾਂ ਇਹ ਅਚਾਨਕ ਭਾਰ ਘਟਣਾ, ਨੱਕ, ਅੱਖਾਂ, ਮੂੰਹ ਜਾਂ ਯੋਨੀ ਵਿੱਚੋਂ ਖ਼ੂਨ ਵਗਣ ਅਤੇ ਮਾਨਸਿਕ ਉਲਝਣ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਇਹ ਵਾਇਰਸ ਪਹਿਲੀ ਵਾਰ 1961 ਵਿੱਚ ਜਰਮਨੀ ਦੇ ਫਰੈਂਕਫਰਟ ਵਿੱਚ ਪਾਇਆ ਗਿਆ ਸੀ।

### ਮਾਰਬਰਗ ਵਾਇਰਸ ਦਾ ਇਲਾਜ ਕੀ ਹੈ ?

ਮਾਹਿਰਾਂ ਅਨੁਸਾਰ ਮਾਰਬਰਗ ਵਾਇਰਸ ਦਾ ਕੋਈ ਸਹੀ ਇਲਾਜ ਉਪਲਬਧ ਨਹੀਂ ਹੈ। ਇਸ ਵਾਇਰਸ ਦੀ ਮੌਤ ਦਰ 24% ਤੋਂ 88% ਤੱਕ ਹੋ ਸਕਦੀ ਹੈ। ਜਦੋਂ ਲੋਕ ਇਸ ਵਾਇਰਸ ਨਾਲ ਸੰਕਰਮਿਤ ਹੁੰਦੇ ਹਨ, ਤਾਂ ਉਨ੍ਹਾਂ ਨੂੰ ਲੱਛਣਾਂ ਦੇ ਆਧਾਰ 'ਤੇ ਇਲਾਜ ਦਿੱਤਾ ਜਾਂਦਾ ਹੈ। ਵਰਤਮਾਨ ਵਿੱਚ ਮਾਰਬਰਗ ਵਾਇਰਸ ਦਾ ਇਲਾਜ ਖ਼ੂਨ ਦੇ ਉਤਪਾਦਾਂ, ਇਮਿਊਨ ਥੈਰੇਪੀ ਅਤੇ ਕੁਝ ਦਵਾਈਆਂ ਨਾਲ ਕੀਤਾ ਜਾ ਰਿਹਾ ਹੈ। ਇਸ ਵਾਇਰਸ ਲਈ ਅਜੇ ਤੱਕ ਕੋਈ ਵੈਕਸੀਨ ਉਪਲਬਧ ਨਹੀਂ ਹੈ ਪਰ ਵੈਕਸੀਨ ਬਣਾਉਣ ਦੀ ਪ੍ਰਕਿਰਿਆ ਸ਼ੁਰੂਆਤੀ ਪੜਾਅ 'ਤੇ ਹੈ। ਅਜਿਹੇ 'ਚ ਜੇਕਰ ਲੋਕ ਇਸ ਵਾਇਰਸ ਨਾਲ ਸੰਕਰਮਿਤ ਹੋ ਜਾਂਦੇ ਹਨ ਤਾਂ ਉਨ੍ਹਾਂ ਦੀ ਹਾਲਤ ਗੰਭੀਰ ਹੋ ਸਕਦੀ ਹੈ।

### ਅੱਖਾਂ ਦੇ ਵਾਇਰਸ ਵਿਚ ਖ਼ੂਨ ਵਗਣ ਤੋਂ ਕਿਵੇਂ ਰੋਕਿਆ ਜਾਵੇ ?

ਮਾਰਬਰਗ ਵਾਇਰਸ ਸੰਕਰਮਿਤ ਲੋਕਾਂ ਦੇ ਸੰਪਰਕ ਰਾਹੀਂ ਫੈਲਦਾ ਹੈ। ਇਹ ਸਰੀਰ ਦੇ ਤਰਲ ਪਦਾਰਥਾਂ ਰਾਹੀਂ ਦੂਜੇ ਲੋਕਾਂ ਵਿੱਚ ਫੈਲ ਸਕਦਾ ਹੈ। ਇਸ ਤੋਂ ਆਪਣੇ ਆਪ ਨੂੰ ਬਚਾਉਣ ਲਈ ਮਾਰਬਰਗ ਵਾਇਰਸ ਨਾਲ ਸੰਕਰਮਿਤ ਖੇਤਰਾਂ ਵਿੱਚ ਨਾ ਜਾਓ। ਸਮਾਜਿਕ ਦੂਰੀ, ਮਾਸਕ ਦੀ ਵਰਤੋਂ ਅਤੇ ਵਾਰ-ਵਾਰ ਹੱਥ ਧੋਣ ਨਾਲ ਇਸ ਵਾਇਰਸ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਸੰਕਰਮਿਤ ਵਿਅਕਤੀਆਂ ਨਾਲ ਸਿੱਧੇ ਸੰਪਰਕ ਤੋਂ ਬਚੋ। ਇਸ ਵਾਇਰਸ ਤੋਂ ਬਚਣ ਲਈ ਸਾਵਧਾਨੀ ਵਰਤਣੀ ਜ਼ਰੂਰੀ ਹੈ।

MARRIAGE LAGAN.COM



MARRIAGE LAGAN IS A LEADING MATRIMONIAL MATCHMAKING SERVICE PROVIDER.

We offer trusted & authentic matrimonial profiles for those who are looking for brides and grooms for marriage. We are committed to providing 360-degree solutions to all prospective brides and grooms for marriage. We help to bring souls together to help them celebrate their happy matrimony made in heaven.

DREAM IT. BELIEVE IT. MAKE IT HAPPEN!


Our matrimonial service to all major cities and states of America, Canada, United Kingdom, Australia and Europe.

register with us at www.marriagelagan.com

Call

VARINDER (510) 943-8037

E-MAIL : INFO@MARRIAGELAGAN.COM


PT SALON
Our Services
Threading
Waxing
Facial
Henna
Hairstyle
Makeup
OPEN DAILY
10:00 AM TO 7:00 PM
Our Branches
DUBLIN | PLEASANTON | SAN RAMON
Address: 4550 Dublin Blvd, Dublin, CA 94568
(925) 450-1000
www.ptsalon.com



CHIEF EDITOR : VARINDER UBHI | PHONE : (510) 943-8037 WEEKLY ENGLISH NEWSPAPER

USA INDIA TODAY

SUNDAY, 1 DECEMBER, 2024 | ISSUE 04 | WEBSITE : WWW.USAINDIATODAY.COM | EMAIL : SARGAMTV@GMAIL.COM

## Trump nominates Indian-American Kash Patel as FBI Director

Washington : President-elect Donald Trump on Saturday nominated close confidante Kash Patel for the powerful position of Director of the Federal Bureau of Investigation, making him the highest ranking Indian American in his incoming administration. "I am proud to announce that Kashyap 'Kash' Patel will serve as the next Director of the Federal Bureau of Investigation. Kash is a brilliant lawyer, investigator, and 'America First' fighter who has spent his career exposing corruption, defending Justice, and protecting the American People," Trump announced on Truth Social, a social media platform he owns. Trump said Patel played a pivotal role in uncovering "the Russia, Russia, Russia Hoax," standing as an advocate for truth, accountability, and the Constitution. Patel, 44, served as chief of staff to the Acting United States Secretary of Defense in the last few weeks of the Trump Administration in 2017. "Kash did an incredible job during my First Term, where he served as Chief of Staff at the Department of Defense, Deputy Director of National Intelligence,

(Contd. to Page No. 4)

MARRIAGE LAGAN.COM

MARRIAGE LAGAN IS A LEADING MATRIMONIAL MATCHMAKING SERVICE PROVIDER.

We offer trusted & authentic matrimonial profiles for those who are looking for brides and grooms for marriage. We are committed to providing 360-degree solutions to all prospective brides and grooms for marriage. We help to bring souls together to help them celebrate their happy matrimony made in heaven.

DREAM IT. BELIEVE IT. MAKE IT HAPPEN!

Our matrimonial service to all major cities and states of America, Canada, United Kingdom, Australia and Europe.

register with us at www.marriagelagan.com

Call VARINDER (510) 943-8037

E-MAIL : INFO@MARRIAGELAGAN.COM

Jaspreet Singh
Attorney at law USA
Over 18 years of Legal Experience

Specializes in :
» USA Immigration » Citizenship
» Green Card » Deportation Defense
» Political Asylum
» Detention Cases » Artists
» Singers P3 Visas » Priest R1 Visas
» Investor EB 5 Visas
» L1 Business Visas » Family Law
» Criminal Defense Cases

Offices

| New York | California : Fremont | Fresno | Sacramento | Los Angeles |
|---|---|---|---|---|
| 505 S Broadway Floor 1, Hicksville Phone : 718-533-8444; 108-14 Jamaica Ave, Richmond Hill, NY 11418 | 3155 Kearney ST #248 Fremont Phone : 510-657-6444 | 1625 E Shaw Ave 122 Fresno CA 93710 Phone : 559-271-5511 | 5855 Auburn Blvd Sacramento CA 95841 Phone : 510-565-6920 | 1013 N Begonia Ave Ontario CA 91762 Phone : 909-331-4669 |

Email : jaspreetsinghlawoffice@gmail.com

SINGH MEDICAL CLINIC

SERVICES PROVIDED • FAMILY PRACTICE - LABORATORY SERVICES - REFERRAL TO SPECIALIST - • MULTILINGUAL STAFF - SPANISH, PUNJABI, ENGLISH

PROGRAMS AVAILABLE
◆ Immigration Physical ◆ Covid 19 Testing
◆ Truck Driver Physical ◆ Citizenship Assistance

TIMING : McFarland : Mon-Fri : 8am-5pm | Bakersfield : Wed, Fri, Sun : 1pm-6pm

Manbir Singh MD FACP

3905 HUGHES LANE STE E1 BAKERSFIELD CA 93304
TEL : 661-827-1033 FAX : 661-827-1138

REAL ESTATE AND MORTGAGE (COMMERCIAL, RESIDENTIAL, HARD MONEY) UNDER ONE ROOF :

- SBA Financing on Business
- Conventional Commercial Financing
- FHA Financing with 3.5% down
- Conventional Financing
- Jumbo Financing
- Home Equity Loans
- Bank Statement Loans
- Loans for Foreign Nationals
- 'Dreams for All' programs-up to 20% Down Payment Assistance

MLS NMLS

Please Call for any Commercial, Business, Residential Real Estate or Financing Questions.

Sanjeev Verma
DRE#01450579
NMLS#291587
Cell : 916-320-8820
Cell : 408-676-8820
sverma.realtor@gmail.com
www.sverma-realtor.com

Manpreet Gill
DRE#01869924
NMLS#357073
Cell : 916-690-4743
manny2gill@gmail.com
www.mgill-realtor.com

7412 Elsie Avenue, Sacramento CA 95828

# Grow your business with us

You can place your advertisement in Weekly English Newspaper

# USA India Today

in very nominal rates.

For more info Call :

Varinder Ubhi (510) 943-8037

sargamtv@gmail.com

# ਕੈਨੇਡਾ : ਇਮੀਗ੍ਰੇਸ਼ਨ ਐਪਲੀਕੇਸ਼ਨ ਫੀਸਾਂ ਵਿਚ ਭਾਰੀ ਵਾਧਾ

**• ਕੈਨੇਡਾ ਦੇ ਸੁਪਨੇ ਲੈਣਾ ਹੋਇਆ ਮੁਹਾਲ**




ਬਰੈਂਪਟਨ : ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਇਥੇ ਪਹੁੰਚਣ ਦੇ ਸਾਰੇ ਚਾਹਵਾਨਾਂ ਲਈ ਪਹਿਲੀ ਦਸੰਬਰ ਤੋਂ ਫੀਸਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ। ਇਸ ਫ਼ੈਸਲੇ ਨਾਲ ਪੰਜਾਬੀਆਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਨ੍ਹਾਂ ਦਾ ਵਿਦੇਸ਼ ’ਚ ਪੜ੍ਹਾਈ ਕਰਨ ਤੇ ਰਹਿਣ ਦਾ ਸੁਪਨਾ ਟੁੱਟ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਐਪਲੀਕੇਸ਼ਨ ਫੀਸਾਂ ਵਧਣ ਕਾਰਨ ਪ੍ਰੋਸੈਸਿੰਗ ਫੀਸਾਂ ਵੀ ਦੁੱਗਣੀਆਂ ਹੋ ਸਕਦੀਆਂ ਹਨ। ਜਿਹੜੀਆਂ ਐਪਲੀਕੇਸਨ ਫੀਸਾਂ ਵਿਚ ਕੈਨੇਡਾ ਸਰਕਾਰ ਨੇ ਵਾਧੇ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿਚ ਵਿਦਿਆਰਥੀ, ਵਿਜ਼ਿਟਰ ਵੀਜ਼ਾ, ਟੈਂਪਰੇਰੀ ਰਿਹਾਇਸ਼, ਨਵੇਂ ਸਟੱਡੀ ਪਰਮਿਟ, ਵਰਕ ਪਰਮਿਟ ਆਦਿ ਵਰਗ ਆਉਂਦੇ ਹਨ। ਉਂਜ ਇਹ ਕੋਈ ਗਾਰੰਟੀ ਨਹੀਂ ਕਿ ਇਨ੍ਹਾਂ ਵਰਗਾਂ ਨੂੰ ਵੀਜ਼ਾ ਮਿਲ ਵੀ ਸਕਦਾ ਹੈ। ਕੈਨੇਡਾ ’ਚ ਵਿਜ਼ਿਟਰ ਵੀਜ਼ੇ ’ਤੇ ਪਹੁੰਚਣ ਵਾਲੇ ਕਰਮੀ ਪਹਿਲਾਂ ਐੱਲਐੱਮਆਈਏ ਪਰਮਿਟ ਲੈ ਕੇ ਪੱਕੇ ਹੋ ਜਾਂਦੇ ਸਨ ਪਰ ਹੁਣ ਇਸ ਸ਼੍ਰੇਣੀ ਵਿਚ ਉਹ ਪਰਮਿਟ ਨਹੀਂ ਲੈ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀ ਵਰਕ ਪਰਮਿਟ ਲੈ ਕੇ ਆਪਣੇ ਪੱਕੇ ਹੋਣ ਦੇ ਸਕੋਰ ਵਿਚ 55 ਅੰਕਾਂ ਦਾ ਵਾਧਾ ਕਰ ਲੈਂਦੇ ਸਨ ਪਰ ਸਰਕਾਰ ਨੇ ਇਹ ਵੀ ਬੰਦ ਕਰ ਦਿੱਤੇ ਹਨ। ਪਰਮਿਟ ਦੀ ਮਾਰਕਿਟ ਕੀਮਤ 40 ਹਜ਼ਾਰ ਡਾਲਰ ਤੱਕ ਹੈ। ਕਰੀਬ ਢਾਈ ਲੱਖ ਵਿਦਿਆਰਥੀਆਂ ’ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬੀਆਂ ਵੱਲੋਂ ਫੀਸਾਂ ’ਚ ਵਾਧੇ ਦੇ ਪਹਿਲੇ ਹੀ ਦਿਨ ਸਿਆਸੀ ਪਨਾਹ ਲਈ 14 ਹਜ਼ਾਰ ਅਰਜ਼ੀਆਂ ਪੁੱਜ ਗਈਆਂ ਹਨ।

# ਲੁਧਿਆਣਾ ’ਚ ਬੁੱਢਾ ਨਾਲਾ ’ਤੇ ਵਿਵਾਦ: ਪ੍ਰਦਰਸ਼ਨਕਾਰੀਆਂ ’ਤੇ ਕੀਤਾ ਗਿਆ ਲਾਠੀਚਾਰਜ ਅਤੇ ਪਥਰਾਅ

ਲੁਧਿਆਣਾ : ਬੁੱਢੇ ਨਾਲੇ ਦੇ ਪ੍ਰਦੂਸ਼ਣ ਦੀ ਸਮੱਸਿਆ ਨੂੰ ਲੈ ਕੇ ਐਨਜੀਓ ਮੈਂਬਰਾਂ ਅਤੇ ਰੰਗਾਈ ਉਦਯੋਗ ਦਰਮਿਆਨ ਚੱਲ ਰਹੇ ਵਿਵਾਦ ਦੇ ਮੱਦੇਨਜ਼ਰ 3 ਦਸੰਬਰ ਨੂੰ ਕਾਲਾ ਪਾਣੀ ਕਾ ਮੋਰਚਾ ਦੀ ਟੀਮ ਵੱਲੋਂ ਤਾਜਪੁਰ ਰੋਡ ਸਥਿਤ ਸੀ.ਈ. ਉੱਤੇ ਛਾਪਾ ਮਾਰਨ ਕਾਰਨ ਲੁਧਿਆਣਾ ਦੇ ਕਈ ਇਲਾਕੇ ਪੁਲਿਸ ਛਾਉਣੀ ਵਿੱਚ ਤਬਦੀਲ ਹੋ ਗਏ ਹਨ। ਕਾਲੇ ਪਾਣੀ ਦਾ ਮੋਰਚਾ ਟੀਮ ਵੱਲੋਂ ਅੱਜ ਤਾਜਪੁਰ ਰੋਡ ਸਥਿਤ ਸੀ.ਈ.ਟੀ.ਪੀ. ਦਾ ਡਿਸਚਾਰਜ ਬੰਦ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ। ਜਿਸ ਦੇ ਜਵਾਬ ’ਚ ਡਾਇੰਗ ਇੰਡਸਟਰੀ ਨੇ ਵੱਡੀ ਗਿਣਤੀ ’ਚ ਮੁਲਾਜ਼ਮ ਇਕੱਠੇ ਹੋ ਗਏ ਹਨ। ਇਸ ਨਾਲ ਟਕਰਾਅ ਦੀ ਸਥਿਤੀ ਪੈਦਾ ਹੋ ਸਕਦੀ ਹੈ, ਜਿਸ ਦੇ ਮੱਦੇਨਜ਼ਰ ਪੁਲਿਸ ਵੱਲੋਂ ਸਖ਼ਤ ਪ੍ਰਬੰਧ ਕੀਤੇ ਗਏ ਹਨ ਅਤੇ ਫਿਰੋਜ਼ਪੁਰ ਰੋਡ ਤੋਂ ਵੱਖ-ਵੱਖ ਥਾਵਾਂ ’ਤੇ ਭਾਰੀ ਫੋਰਸ ਤਾਇਨਾਤ ਕੀਤੀ ਗਈ ਹੈ। ਪੁਲਿਸ ਨੇ ਐਂਟਰੀ ਪੁਆਇੰਟਾਂ ਨੂੰ ਸੀਲ ਕਰ ਦਿੱਤਾ ਹੈ। ਇਸ ਮਾਮਲੇ ਨੂੰ ਲੈ ਕੇ ਲੱਖਾ ਸਿਧਾਣਾ ਨੇ ਫੇਸਬੁੱਕ ’ਤੇ ਲਾਈਵ ਹੋ ਕੇ ਆਪਣੇ ਮੈਂਬਰਾਂ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ ਲੁਧਿਆਣਾ ਆਉਣ ਤੋਂ ਰੋਕਣ ਦੀ ਜਾਣਕਾਰੀ ਦਿੱਤੀ ਹੈ। ਇਸ ਦੌਰਾਨ ਮਾਹੌਲ ਕਾਫੀ ਗਰਮ ਹੁੰਦਾ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਲੱਖਾ ਸਿਧਾਣਾ ਦੇ ਸਾਥੀਆਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ। ਲੱਖਾ ਸਿਧਾਣਾ ਦੇ ਹੱਕ ਵਿੱਚ ਆਏ ਤਿੰਨ





ਵਿਅਕਤੀਆਂ ਨੂੰ ਮੌਕੇ ’ਤੇ ਹੀ ਹਿਰਾਸਤ ਵਿੱਚ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਲੱਖਾ ਸਿਧਾਣਾ ਪਿਛਲੇ ਕਾਫੀ ਸਮੇਂ ਤੋਂ ਬੁੱਢੇ ਨਾਲੇ ਦੇ ਮੁੱਦੇ ਨੂੰ ਲੈ ਕੇ ਆਵਾਜ਼ ਉਠਾ ਰਹੇ ਹਨ। ਅੱਜ ਬੁੱਢੇ ਨਾਲੇ ਦੇ ਗੰਦੇ ਪਾਣੀ ਦੇ ਵਿਰੋਧ ਵਿੱਚ ਧਰਨੇ ਦਾ ਸੱਦਾ ਦਿੱਤਾ ਗਿਆ ਹੈ। ਭਾਵੇਂ ਪੁਲਿਸ ਨੇ ਲੁਧਿਆਣਾ ਦੇ ਤਕਰੀਬਨ ਸਾਰੇ ਐਂਟਰੀ ਪੁਆਇੰਟ ਸੀਲ ਕੀਤੇ ਹਨ, ਪਰ ਕਾਲੇ ਪਾਣੀ ਦੇ ਮੋਰਚੇ ਦੇ ਮੈਂਬਰ ਕਿਸੇ ਤਰ੍ਹਾਂ ਫਿਰੋਜ਼ਪੁਰ ਰੋਡ ਤਕ ਪਹੁੰਚਣ ਵਿਚ ਕਾਮਯਾਬ ਹੋ ਗਏ ਹਨ ਤੇ ਉਨ੍ਹਾਂ ਨੇ ਧਰਨਾ ਲਗਾ ਦਿੱਤਾ ਹੈ। ਇਨ੍ਹਾਂ ਲੋਕਾਂ ਦੀ ਅਗਵਾਈ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਕਰ ਰਹੇ ਹਨ। ਦੂਜੇ ਪਾਸੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਹਿਲ ਨੇ ਖ਼ੁਦ ਕਮਾਨ ਸੰਭਾਲ ਲਈ ਹੈ ਤੇ ਉਨ੍ਹਾਂ ਨੇ ਵੇਰਕਾ ਮਿਲਕ ਪਲਾਂਟ ਨੇੜੇ ਨਾਕਾਬੰਦੀ ਦੀ ਚੈਕਿੰਗ ਕੀਤੀ ਤੇ ਮੁਲਾਜ਼ਮਾਂ ਨੂੰ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਕਿਸੇ ਨੂੰ ਕਾਨੂੰਨ ਹੱਥ ਵਿਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੁਲਸ ਕਮਿਸ਼ਨਰ ਨੇ ਕਿਹਾ ਕਿ ਕੁਝ ਲੋਕਾਂ ਨੂੰ ਅਹਿਤਿਆਤ ਵਜੋਂ ਹਿਰਾਸਤ ਵਿਚ ਲਿਆ ਗਿਆ ਹੈ ਤੇ ਅੱਗੇ ਵੀ ਕਿਸੇ ਵੀ ਸਥਿਤੀ ਤੋਂ ਨਜਿੱਠਣ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ।



# ਪੰਜਾਬ ’ਚ ਨਿਗਮ ਚੋਣਾਂ ਦਾ ਐਲਾਨ ਇਸੇ ਹਫ਼ਤੇ ਹੋਣ ਦੇ ਆਸਾਰ

**• ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਅੱਠ ਹਫ਼ਤਿਆਂ ਅੰਦਰ ਚੋਣ ਪ੍ਰਕਿਰਿਆ ਮੁਕੰਮਲ ਕਰਨ ਦੇ ਦਿੱਤੇ ਸਨ ਹੁਕਮ • ਸ਼ਹੀਦੀ ਹਫ਼ਤੇ ਮਗਰੋਂ ਪੈ ਸਕਦੀਆਂ ਹਨ ਵੋਟਾਂ**



ਚੰਡੀਗੜ੍ਹ : ਪੰਜਾਬ ਵਿਚ ਨਗਰ ਨਿਗਮ ਤੇ ਕੌਂਸਲ ਚੋਣਾਂ ਦਾ ਐਲਾਨ ਇਸੇ ਹਫ਼ਤੇ ਹੋਣ ਦੀ ਸੰਭਾਵਨਾ ਹੈ। ਚੋਣਾਂ ਦੇ ਐਲਾਨ ਨਾਲ ਹੀ ਸੂਬੇ ਵਿੱਚ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ। ‘ਆਪ’ ਸਰਕਾਰ ਇਸ ਵਰ੍ਹੇ ਦੇ ਅਖੀਰ ਤੱਕ ਨਿਗਮ ਚੋਣਾਂ ਦਾ ਕੰਮ ਨੇਪਰੇ ਚਾੜ੍ਹਨਾ ਚਾਹੁੰਦੀ ਹੈ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਅੱਠ ਹਫ਼ਤਿਆਂ ਵਿਚ ਸਮੁੱਚੀ ਪ੍ਰਕਿਰਿਆ ਮੁਕੰਮਲ ਕਰਨ ਦੇ ਹੁਕਮ ਜਾਰੀ ਕੀਤੇ ਸਨ। ਅਹਿਮ ਸੂਤਰ ਦੱਸਦੇ ਹਨ ਕਿ ਚਾਲੂ ਹਫ਼ਤੇ ਦੇ ਅਖੀਰ ’ਚ ਨਿਗਮ ਚੋਣਾਂ ਦਾ ਐਲਾਨ ਹੋ ਸਕਦਾ ਹੈ। ਪੰਜਾਬ ਵਿਚ ਪੰਜ ਨਗਰ ਨਿਗਮਾਂ, 42 ਨਗਰ ਕੌਂਸਲਾਂ/ਨਗਰ ਪੰਚਾਇਤਾਂ ਤੋਂ ਇਲਾਵਾ ਦਰਜਨਾਂ ਕੌਂਸਲਾਂ ਦੇ 43 ਵਾਰਡਾਂ ਵਿਚ ਉਪ ਚੋਣ ਵੀ ਹੋਣੀ ਹੈ। ਸਥਾਨਕ ਸਰਕਾਰਾਂ ਵਿਭਾਗ ਨੇ 22 ਨਵੰਬਰ ਨੂੰ ਵਿਭਾਗ ਵੱਲੋਂ ਨੋਟੀਫ਼ਿਕੇਸ਼ਨ ਜਾਰੀ ਕਰਕੇ ਦਸੰਬਰ ਦੇ ਅਖੀਰ ਤੱਕ ਚੋਣਾਂ ਕਰਾਏ ਜਾਣ ਦੀ ਗੱਲ ਆਖੀ ਸੀ। ਰਾਜ ਚੋਣ ਕਮਿਸ਼ਨ ਵੱਲੋਂ ਹੁਣ ਇਸ ਦਾ ਐਲਾਨ ਕੀਤਾ ਜਾਣਾ ਹੈ। ਰਾਜ ਦੇ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਦਾ ਕਹਿਣਾ ਹੈ ਕਿ ਨਗਰ ਨਿਗਮ ਚੋਣਾਂ ਲਈ ਪ੍ਰਕਿਰਿਆ ਸ਼ੁਰੂ ਕਰਨ ਦੀ ਤਿਆਰੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਉਨ੍ਹਾਂ ਢੁੱਕਵੀਆਂ ਤਰੀਕਾਂ ’ਤੇ ਚੋਣ ਕਰਾਉਣ ਬਾਰੇ ਸੋਚ ਰਿਹਾ ਹੈ ਜਿਹੜੀਆਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਸ਼ਹੀਦੀ ਹਫ਼ਤੇ ਦੇ ਸਮਾਗਮਾਂ ਨਾਲ ਮੇਲ ਨਾ ਖਾਂਦੀਆਂ ਹੋਣ। ਉੱਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰ ਨੂੰ ਨਗਰ ਨਿਗਮ ਚੋਣਾਂ ਜਨਵਰੀ ਤੱਕ ਮੁਲਤਵੀ ਕਰਨ ਦੀ ਮੰਗ ਕੀਤੀ ਗਈ ਹੈ। ਇਸੇ ਦੌਰਾਨ ਅੱਜ ‘ਆਪ’ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਵੀ ਰਾਜ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਚੋਣਾਂ ਦੀ ਤਰੀਕ ਸ਼ਹੀਦੀ ਹਫ਼ਤਾ ਮਨਾਉਣ ਦੇ ਨਾਲ ਮੇਲ ਖਾਂਦੀ ਨਾ ਹੋਵੇ। ਅਮਨ ਅਰੋੜਾ ਦਾ ਕਹਿਣਾ ਸੀ ਕਿ ਪਾਰਟੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਪਾਰਟੀ ਵੱਲੋਂ ਕਮਿਸ਼ਨ ਨੂੰ ਸ਼ਹੀਦੀ ਹਫ਼ਤੇ ਤੋਂ ਬਾਅਦ ਚੋਣਾਂ ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਿਗਮ ਅਤੇ ਕੌਂਸਲ ਚੋਣਾਂ ਲਈ ਰਣਨੀਤੀ ਤਿਆਰ ਕਰ ਲਈ ਗਈ ਹੈ।

### ਵਿਰੋਧੀ ਧਿਰਾਂ ਵੀ ਸਰਗਰਮ

ਜ਼ਿਮਨੀ ਚੋਣਾਂ ਵਿੱਚ ਹਾਰ ਮਗਰੋਂ ਵਿਰੋਧੀ ਧਿਰਾਂ ਵੱਲੋਂ ਨਿਗਮ ਚੋਣਾਂ ਜਿੱਤਣ ਲਈ ਪੂਰੀ ਵਾਹ ਲਾਈ ਜਾਵੇਗੀ। ਕਾਂਗਰਸ ਪਾਰਟੀ ਨੇ ਨਿਗਮ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਦਾ ਗਠਨ ਕਰ ਦਿੱਤਾ ਹੈ ਜਿਸ ਵੱਲੋਂ ਯੋਗ ਉਮੀਦਵਾਰ ਤਲਾਸ਼ੇ ਜਾਣਗੇ। ਭਾਜਪਾ ਇਨ੍ਹਾਂ ਸ਼ਹਿਰੀ ਚੋਣਾਂ ਵਿੱਚ ਆਪਣਾ ਪੂਰਾ ਤਾਣ ਲਾਏਗੀ ਕਿਉਂਕਿ ਇਸ ਦਾ ਸਿੱਧਾ ਅਸਰ 2027 ਦੀਆਂ ਵਿਧਾਨ ਸਭਾ ਚੋਣਾਂ ’ਤੇ ਵੀ ਪਵੇਗਾ। ਹਾਲ ਹੀ ਵਿੱਚ ਹੋਈਆਂ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ ਭਾਜਪਾ ਤਸੱਲੀਬਖ਼ਸ਼ ਕਾਰਗੁਜ਼ਾਰੀ ਨਹੀਂ ਦਿਖਾ ਸਕੀ।

# 90 ਦਿਨਾਂ ’ਚ ਮੰਗਲ ! ਐਲੋਨ ਮਸਕ ਦੇ ਸਪੇਸਐਕਸ ਨੇ ਖਿੱਚੀ ਤਿਆਰੀ



ਵਾਸ਼ਿੰਗਟਨ : ਏਲੋਨ ਮਸਕ ਦੀ ਕੰਪਨੀ ਸਪੇਸਐਕਸ ਨੇ ਪੁਲਾੜ ਖੋਜ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਉਣ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਹੈ। ਕੰਪਨੀ ਨੇ ਇੱਕ ਅਤਿ-ਆਧੁਨਿਕ ਅਤੇ ਸ਼ਕਤੀਸ਼ਾਲੀ ਰਾਕੇਟ, ਸਟਾਰਸ਼ਿਪ ਤਿਆਰ ਕੀਤੀ ਹੈ, ਜਿਸਦਾ ਉਦੇਸ਼ ਮਨੁੱਖਾਂ ਨੂੰ 90 ਦਿਨਾਂ ਵਿੱਚ ਮੰਗਲ ਗ੍ਰਹਿ ’ਤੇ ਲਿਜਾਣਾ ਹੈ। ਇਹ ਪ੍ਰੋਜੈਕਟ ਮਸਕ ਦੇ ਉਸ ਸੁਪਨੇ ਦਾ ਹਿੱਸਾ ਹੈ ਜਿਸ ਵਿੱਚ ਉਹ ਮੰਗਲ ਗ੍ਰਹਿ ’ਤੇ ਮਨੁੱਖੀ ਬਸਤੀ ਸਥਾਪਤ ਕਰਨ ਦੀ ਕਲਪਨਾ ਕਰ ਰਿਹਾ ਹੈ। ਵਰਤਮਾਨ ਵਿੱਚ, ਮੰਗਲ ’ਤੇ ਪਹੁੰਚਣ ਲਈ ਛੇ ਤੋਂ ਨੌ ਮਹੀਨੇ ਲੱਗਦੇ ਹਨ, ਪਰ ਸਪੇਸਐਕਸ ਇਸ ਯਾਤਰਾ ਨੂੰ ਪਹਿਲਾਂ ਨਾਲੋਂ ਬਹੁਤ ਤੇਜ਼ ਅਤੇ ਕੁਸ਼ਲ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਸਟਾਰਸ਼ਿਪਾਂ ਨੂੰ ਬਹੁਤ ਜ਼ਿਆਦਾ ਗਤੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਰਾਕੇਟ 36,000 ਕਿਲੋਮੀਟਰ ਪ੍ਰਤੀ ਘੰਟੇ ਤੋਂ ਜ਼ਿਆਦਾ ਦੀ ਰਫਤਾਰ ਨਾਲ ਯਾਤਰਾ ਕਰਨ ਦੇ ਸਮਰੱਥ ਹੈ। ਇਸ ਬੇਮਿਸਾਲ ਗਤੀ ਕਾਰਨ ਧਰਤੀ ਅਤੇ ਮੰਗਲ ਵਿਚਕਾਰ ਔਸਤਨ 225 ਮਿਲੀਅਨ ਕਿਲੋਮੀਟਰ ਦੀ ਦੂਰੀ ਸਿਰਫ਼ 80-100 ਦਿਨਾਂ ਵਿੱਚ ਹੀ ਤੈਅ ਹੋ ਜਾਵੇਗੀ। ਇਹ ਰਵਾਇਤੀ ਰਾਕੇਟ ਦੇ ਮੁਕਾਬਲੇ ਸਮੇਂ ਦੀ ਬੱਚਤ ਦੇ ਲਿਹਾਜ਼ ਨਾਲ ਵੱਡੀ ਪ੍ਰਾਪਤੀ ਹੈ। ਵਰਤਮਾਨ ਵਿੱਚ ਨਾਸਾ ਦੇ ਐਸਐਲਐਸ (ਸਪੇਸ ਲਾਂਚ ਸਿਸਟਮ) ਅਤੇ ਸਪੇਸਐਕਸ ਦੀ ਸਟਾਰਸ਼ਿਪ ਭਵਿੱਖ ਦੇ ਮਨੁੱਖ ਮਿਸ਼ਨਾਂ ਲਈ ਤਿਆਰ ਕੀਤੀ ਜਾ ਰਹੀ ਹੈ। ਸਟਾਰਸ਼ਿਪ ਨੂੰ ਵਾਰ-ਵਾਰ ਵਰਤੋਂ ਲਈ ਤਿਆਰ ਕੀਤਾ ਗਿਆ ਹੈ, ਜੋ ਪੁਲਾੜ ਯਾਤਰਾ ਦੀ ਲਾਗਤ ਨੂੰ ਬਹੁਤ ਘੱਟ ਕਰੇਗਾ। ਇਹ ਰਾਕੇਟ ਨਾ ਸਿਰਫ਼ ਮੁਸਾਫਰਾਂ ਨੂੰ ਸਗੋਂ ਵੱਡੀ ਮਾਤਰਾ ਵਿਚ ਸਾਮਾਨ ਵੀ ਲਿਜਾਣ ਵਿਚ ਸਮਰੱਥ ਹੈ, ਜੋ ਮੰਗਲ ਗ੍ਰਹਿ ’ਤੇ ਸਥਾਈ ਬਸਤੀ ਸਥਾਪਤ ਕਰਨ ਲਈ ਮਹੱਤਵਪੂਰਨ ਹੋਵੇਗਾ। ਯਾਤਰਾ ਦੌਰਾਨ ਇਨ-ਆਰਬਿਟ ਈਂਧਨ ਦੀ ਸਹੂਲਤ, ਰਾਕੇਟ ਨੂੰ ਲੰਬੀ ਦੂਰੀ ਦੀ ਯਾਤਰਾ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ। ਐਲੋਨ ਮਸਕ ਮੰਗਲ ਨੂੰ ਮਨੁੱਖਤਾ ਦਾ ਦੂਜਾ ਘਰ ਬਣਾਉਣ ਦਾ ਸੁਪਨਾ ਦੇਖਦੇ ਹਨ। ਇਸ ਪਿੱਛੇ ਉਨ੍ਹਾਂ ਦੀ ਸੋਚ ਹੈ ਕਿ ਜੇਕਰ ਧਰਤੀ ’ਤੇ ਜੀਵਨ ਨੂੰ ਕਿਸੇ ਤਬਾਹੀ ਕਾਰਨ ਖ਼ਤਰਾ ਹੈ ਤਾਂ ਮਨੁੱਖੀ ਸੱਭਿਅਤਾ ਨੂੰ ਬਚਾਉਣ ਲਈ ਕੋਈ ਬਦਲਵਾਂ ਗ੍ਰਹਿ ਹੋਣਾ ਚਾਹੀਦਾ ਹੈ। ਮਸਕ ਨੇ ਕਿਹਾ ਹੈ ਕਿ ਮੰਗਲ ’ਤੇ ਮਨੁੱਖੀ ਬਸਤੀ ਸਥਾਪਤ ਕਰਨਾ ਨਾ ਸਿਰਫ਼ ਇੱਕ ਰੋਮਾਂਚਕ ਸੁਪਨਾ ਹੈ, ਸਗੋਂ ਇਹ ਸਾਡੀਆਂ ਪ੍ਰਜਾਤੀਆਂ ਦੇ ਬਚਾਅ ਲਈ ਵੀ ਜ਼ਰੂਰੀ ਹੈ। ਸਟਾਰਸ਼ਿਪ ਨੂੰ ਇਸ ਯੋਜਨਾ ਦਾ ਕੇਂਦਰ ਮੰਨਿਆ ਜਾਂਦਾ ਹੈ, ਕਿਉਂਕਿ ਇਹ ਇੱਕ ਸਮੇਂ ਵਿੱਚ ਸੈਂਕੜੇ ਲੋਕਾਂ ਨੂੰ ਮੰਗਲ ’ਤੇ ਲੈ ਜਾ ਸਕਦਾ ਹੈ।

# ਸਟੱਡੀ ਪਰਮਿਟ ਰੱਦ ਹੋਣ ਦੇ ਬਾਵਜੂਦ ਮਿਲੇਗੀ ਕੈਨੇਡਾ ’ਚ ਐਂਟਰੀ



ਟੋਰਾਂਟੋ : ਕੈਨੇਡਾ ’ਚ ਸਟੱਡੀ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਮਹੱਤਵਪੂਰਨ ਜਾਣਕਾਰੀ ਹੈ। ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਪੜ੍ਹਨ ਲਈ ਸਟੱਡੀ ਪਰਮਿਟ ਦੀ ਲੋੜ ਹੁੰਦੀ ਹੈ। ਹਾਲਾਂਕਿ ਕਈ ਵਾਰ ਸਟੱਡੀ ਪਰਮਿਟ ਲਈ ਵਿਦਿਆਰਥੀਆਂ ਦੀ ਅਰਜ਼ੀ ਰੱਦ ਹੋ ਜਾਂਦੀ ਹੈ। ਇਸ ਕਾਰਨ ਵਿਦਿਆਰਥੀ ਕਾਫੀ ਪ੍ਰੇਸ਼ਾਨ ਰਹਿੰਦੇ ਹਨ। ਪਰ ਉਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਕੈਨੇਡਾ ਵਿਚ ਅਜਿਹਾ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਰਾਹੀਂ ਵਿਦਿਆਰਥੀ ਰਿਜੈਕਟ ਹੋਣ ਤੋਂ ਬਾਅਦ ਵੀ ਸਟੱਡੀ ਪਰਮਿਟ ਪ੍ਰਾਪਤ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਨਾਂ ‘ਸਟੱਡੀ ਪਰਮਿਟ ਪਾਇਲਟ ਪ੍ਰੋਜੈਕਟ’ ਹੈ, ਜੋ ਕਿ 1 ਅਕਤੂਬਰ, 2024 ਤੋਂ ਸ਼ੁਰੂ ਹੋਇਆ ਹੈ। ਦਰਅਸਲ ਕੈਨੇਡਾ ਵਿਚ ਸਟੱਡੀ ਪਰਮਿਟ ਦੇਣ ਦਾ ਕੰਮ ‘ਇਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ’ (ਆਈ.ਆਰ.ਸੀ.ਸੀ.) ਵੱਲੋਂ ਕੀਤਾ ਜਾਂਦਾ ਹੈ। ਇਹ ਸੰਸਥਾ ਦੇਸ਼ ਵਿਚ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਦਿੰਦੀ ਹੈ। ਪਰ ਕਈ ਵਾਰ ਸਟੱਡੀ ਪਰਮਿਟ ਵੀ ਰੱਦ ਕਰ ਦਿੱਤੇ ਜਾਂਦੇ ਹਨ, ਜਿਸ ਕਾਰਨ ਵਿਦਿਆਰਥੀਆਂ ਨੂੰ ਸੰਘੀ ਅਦਾਲਤ ਵਿਚ ਜਾਣਾ ਪੈਂਦਾ ਹੈ। ਇਸ ਕਾਰਨ ਇਹ ਇੱਕ ਲੰਬੀ ਪ੍ਰਕਿਰਿਆ ਬਣ ਜਾਂਦੀ ਹੈ। ਹਾਲਾਂਕਿ ਇਸ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਕੈਨੇਡੀਅਨ ਫੈਡਰਲ ਕੋਰਟ ਨੇ ਇਹ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਨਾਲ ਸਟੱਡੀ ਪਰਮਿਟ ਰੱਦ ਹੋਣ ’ਤੇ ਜਲਦੀ ਨਿਆਂ ਪ੍ਰਾਪਤ ਕਰਨ ਵਿਚ ਮਦਦ ਮਿਲ ਸਕਦੀ ਹੈ। ਜੇਕਰ ਤੁਹਾਡਾ ਸਟੱਡੀ ਪਰਮਿਟ ਵੀ ਰੱਦ ਕਰ ਦਿੱਤਾ ਗਿਆ ਹੈ, ਤਾਂ ਤੁਸੀਂ ਫੈਡਰਲ ਕੋਰਟ ਦੇ ਸਟੱਡੀ ਪਰਮਿਟ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਹੋ ਸਕਦੇ ਹੋ। ਇਸਦੇ ਲਈ ਆਈ.ਆਰ.ਸੀ.ਸੀ. ਅਤੇ ਵਿਦਿਆਰਥੀ ਦੋਵਾਂ ਦੀ ਸਹਿਮਤੀ ਜ਼ਰੂਰੀ ਹੈ। ਇਸ ਪ੍ਰੋਜੈਕਟ ਦੇ ਤਹਿਤ ਜੱਜ ਬਿਨਾਂ ਸੁਣਵਾਈ ਦੇ ਫ਼ੈਸਲਾ ਦੇ ਸਕਦਾ ਹੈ। ਇਸ ਪ੍ਰੋਜੈਕਟ ਵਿਚ, ਬਿਨੈਕਾਰ (ਵਿਦਿਆਰਥੀ) ਅਤੇ ਉੱਤਰਦਾਤਾ (ਆਈ.ਆਰ.ਸੀ.ਸੀ.) ਨੂੰ ਹਲਫ਼ਨਾਮੇ ਰਾਹੀਂ ਗਵਾਹੀ ਦੇਣ ਦੀ ਲੋੜ ਨਹੀਂ ਹੋਵੇਗੀ। ਹਲਫੀਆ ਬਿਆਨ ਇੱਕ ਕਿਸਮ ਦਾ ਲਿਖਤੀ ਬਿਆਨ ਹੁੰਦਾ ਹੈ, ਜਿਸ ਵਿਚ ਨਵੇਂ ਸਬੂਤ ਪੇਸ਼ ਕੀਤੇ ਜਾਂਦੇ ਹਨ। ਸਾਰੇ ਦਸਤਾਵੇਜ਼ ਅਦਾਲਤ ਦੇ ਇਲੈਕਟ੍ਰਾਨਿਕ ਫਾਈਲਿੰਗ ਸਿਸਟਮ ਰਾਹੀਂ ਜਮ੍ਹਾਂ ਕਰਾਉਣੇ ਪੈਣਗੇ। ਇਸ ਪਾਇਲਟ ਪ੍ਰੋਜੈਕਟ ਵਿਚ ਹਿੱਸਾ ਲੈਣ ਲਈ ਕੋਈ ਵਾਧੂ ਫੀਸ ਨਹੀਂ ਹੈ। ਹਾਲਾਂਕਿ ਫ਼ੈਸਲੇ ਦੇ ਵਿਰੁੱਧ ਸਮੀਖਿਆ ਲਈ ਕੋਈ ਵੀ ਅਰਜ਼ੀ ਦੇਣ ਲਈ 50 ਡਾਲਰ ਦੀ ਫੀਸ ਦੇਣੀ ਹੋਵੇਗੀ। ਜੇਕਰ ਤੁਸੀਂ ਕੈਨੇਡਾ ਵਿਚ ਰਹਿੰਦਿਆਂ ਅਰਜ਼ੀ ਦਿੱਤੀ ਹੈ, ਤਾਂ ਤੁਹਾਨੂੰ ਅਸਵੀਕਾਰ ਪੱਤਰ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਅਪਲਾਈ ਕਰਨਾ ਹੋਵੇਗਾ। ਜੇਕਰ ਤੁਸੀਂ ਕੈਨੇਡਾ ਤੋਂ ਬਾਹਰੋਂ ਅਰਜ਼ੀ ਦਿੱਤੀ ਹੈ, ਤਾਂ ਤੁਹਾਨੂੰ ਅਸਵੀਕਾਰ ਪੱਤਰ ਪ੍ਰਾਪਤ ਹੋਣ ਦੇ 60 ਦਿਨਾਂ ਦੇ ਅੰਦਰ ਅਪਲਾਈ ਕਰਨਾ ਹੋਵੇਗਾ। ਉਕਤ ਜਾਣਕਾਰੀ ਨਾਲ ਭਾਰਤੀ ਵਿਦਿਆਰਥੀ ਕੈਨੇਡਾ ’ਚ ਸਟੱਡੀ ਕਰਨ ਦਾ ਸੁਪਨਾ ਸੱਚ ਕਰ ਸਕਦੇ ਹਨ।

# ਭਾਰਤੀ ਕੌਂਸਲੇਟ ਵੱਲੋਂ ਭਾਰਤੀ ਵਿਦਿਆਰਥੀ ਦੇ ਕਾਤਲਾਂ ਖ਼ਿਲਾਫ਼ ਕਾਰਵਾਈ ਦੀ ਮੰਗ

ਵਾਸ਼ਿੰਗਟਨ : ਸ਼ਿਕਾਗੋ ’ਚ ਭਾਰਤੀ ਕੌਂਸਲੇਟ ਜਨਰਲ ਨੇ ਤੇਲੰਗਾਨਾ ਦੇ ਇਕ ਨੌਜਵਾਨ ਦੀ ਹੱਤਿਆ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਉਹ ਨੌਜਵਾਨ ਦੇ ਪਰਿਵਾਰ ਅਤੇ ਦੋਸਤਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਏਗਾ। ਤੇਲੰਗਾਨਾ ਦੇ ਖੰਮਮ ਜ਼ਿਲ੍ਹੇ ਦੇ ਸਾਈ ਤੇਜਾ ਨੁਕਾਰਪੂ (22) ਦੀ ਉਸ ਗੈਸ ਸਟੇਸ਼ਨ ’ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਿੱਥੇ ਉਹ ਸ਼ਿਕਾਗੋ ਨੇੜੇ ਕੰਮ ਕਰਦਾ ਸੀ।

ਅਮਰੀਕਾ ਤੋਂ ਮਿਲੀ ਸ਼ੁਰੂਆਤੀ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਚੁਣੇ ਗਏ ਪ੍ਰਤੀਨਿਧੀ ਮਧੂਸੂਦਨ ਥਾਥਾ ਨੇ ਕਿਹਾ ਕਿ ਹਮਲਾਵਰਾਂ ਨੇ ਸਾਈ ’ਤੇ ਹਮਲਾ ਕੀਤਾ। ਸ਼ਿਕਾਗੋ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਟਵਿੱਟਰ ’ਤੇ ਇੱਕ ਪੋਸਟ ਵਿੱਚ ਕਿਹਾ, “ਅਸੀਂ ਭਾਰਤੀ ਵਿਦਿਆਰਥੀ ਸਾਈ ਤੇਜਾ ਨੁਕਾਰਪੂ ਦੀ ਹੱਤਿਆ ਤੋਂ ਬਹੁਤ ਦੁਖੀ ਅਤੇ ਸਦਮੇ ਵਿਚ ਹਾਂ। ਅਸੀਂ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਾਂ। ਕੌਂਸਲੇਟ ਮ੍ਰਿਤਕ ਦੇ ਪਰਿਵਾਰ ਅਤੇ ਦੋਸਤਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ।” ਸਾਈ ਨੇ ਭਾਰਤ ਵਿਚ ਬੀ.ਬੀ.ਏ. ਦੀ ਪੜ੍ਹਾਈ ਕੀਤੀ, ਜਿਸ ਤੋਂ ਬਾਅਦ ਉਹ ਐੱਮ.ਬੀ.ਏ. ਲਈ ਅਮਰੀਕਾ ਚਲਾ ਗਿਆ। ਉਸ ਦੇ ਇੱਕ ਰਿਸ਼ਤੇਦਾਰ ਨੇ ਭਾਰਤ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਸ਼ਿਕਾਗੋ ਵਿਚ ਪਾਰਟ-ਟਾਈਮ ਨੌਕਰੀ ਕਰ ਰਿਹਾ ਸੀ।

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਉਹ ਇਸ ਖ਼ਬਰ ਤੋਂ ਬਹੁਤ ਦੁਖੀ ਹਨ, “ਸਾਡਾ ਕੌਂਸਲੇਟ ਮ੍ਰਿਤਕ ਦੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਹੈ।” ਉਸਨੇ ਟਵਿੱਟਰ ’ਤੇ ਤੇਲੰਗਾਨਾ ਵਿਧਾਨ ਪ੍ਰੀਸ਼ਦ ਦੇ ਮੈਂਬਰ (ਬੀ.ਆਰ.ਐੱਸ.) ’ਤੇ ਪੋਸਟ ਕੀਤਾ। ਮਧੂਸੂਦਨ ਨੇ ਕਿਹਾ ਕਿ ਜਦੋਂ ਘਟਨਾ ਵਾਪਰੀ, ਤਾਂ ਸਾਈ ਡਿਊਟੀ ’ਤੇ ਨਹੀਂ ਸੀ ਪਰ ਉਹ ਆਪਣੇ ਇਕ ਦੋਸਤ ਦੀ ਮਦਦ ਕਰ ਰਿਹਾ ਸੀ, ਜਿਸ ਨੇ ਉਸ ਨੂੰ ਕੁਝ ਸਮੇਂ ਲਈ ਰੁੱਕਣ ਲਈ ਕਿਹਾ ਸੀ। ਉਸ ਨੇ



ਦੱਸਿਆ ਕਿ ਸਾਈਂ ਦਾ ਦੋਸਤ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ। ਮਧੂਸੂਦਨ ਅਨੁਸਾਰ ਉਸਨੇ ਘਟਨਾ ਦੀ ਜਾਂਚ ਕਰਨ ਅਤੇ ਮ੍ਰਿਤਕ ਦੇ ਪਰਿਵਾਰ ਦੀ ਮਦਦ ਕਰਨ ਲਈ ਤੇਲਗੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ (ਟਾਨਾ) ਦੇ ਮੈਂਬਰਾਂ ਨਾਲ ਗੱਲ ਕੀਤੀ ਹੈ। ਸਾਈ ਦੀ ਮ੍ਰਿਤਕ ਦੇਹ ਅਗਲੇ ਹਫਤੇ ਭਾਰਤ ਲਿਆਂਦੀ ਜਾਣ ਦੀ ਉਮੀਦ ਹੈ।

# ਸਿੰਘ ਸਾਹਿਬਾਨ ਦਾ ਅਕਾਲੀ ਦਲ ਬਾਰੇ ਇਤਿਹਾਸਕ ਫੈਸਲਾ



ਸ੍ਰੀ ਅਕਾਲ ਤਖਤ ਸਾਹਿਬ ’ਤੇ ਹੋਏ ਇਕੱਠ ਵਿੱਚ ਇਕ ਗੱਲ ਤਾਂ ਬਿਲਕੁਲ ਸਾਫ਼ ਹੋ ਗਈ ਕਿ ਆਪਣੇ ਅੰਤਲੇ ਸਮੇਂ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਪੁੱਤਰ ਸੁਖਬੀਰ ਸਿੰਘ ਦੇ ਮੋਹ ਵਿੱਚ ਬੇਵੱਸ ਹੋ ਕੇ ਪੰਥ ਨੂੰ ਆਪਣੇ ਪੈਰਾਂ ਵਿੱਚ ਰੋਲਣ ਲਈ ਰਸਤਾ ਖੋਲ੍ਹ ਕੇ ਬੱਜਰ ਗੁਨਾਹ ਕੀਤਾ। ਸਿਰਸਾ ਸਾਧ ਦਾ ਮੁਆਫੀਨਾਮਾ, ਐਸੇ ਪੁਲੀਸ ਅਫਸਰਾਂ ਨੂੰ ਤਰੱਕੀਆਂ ਦੇਣੀਆਂ ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਸਿੱਖ ਨੌਜਵਾਨਾਂ ਦੇ ਕਤਲ ਕੀਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨਾਲ ਨਰਮੀ ਨਾਲ ਪੇਸ਼ ਆਉਣਾ, ਸਿੱਖ ਸੰਗਤਾਂ ਦੇ ਸ਼ਾਂਤਮਈ ਵਿਰੋਧ ਤੇ ਗੋਲੀ ਚਲਵਾਉਣ, ਨੌਜਵਾਨਾਂ ਨੂੰ ਸ਼ਹੀਦ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਸੀਪੀ) ਦੇ ਪੈਸੇ ਦਾ ਦੁਰਉਪਯੋਗ ਕਰਨਾ, ਤਿੰਨ ਖੇਤੀਬਾੜੀ ਕਾਨੂੰਨਾਂ ਲਈ ਪੰਜਾਬ ਦੇ ਕਿਸਾਨਾਂ ਦੀ ਪ੍ਰਵਾਹ ਨਾ ਕਰਦੇ ਹੋਏ ਕੇਂਦਰ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਸਮਰਥਨ ਦੇਣਾ ਆਦਿ ਕਈ ਐਸੇ ਗੁਨਾਹ ਹਨ ਜੋ ਸ਼੍ਰੋਮਣੀ ਅਕਾਲੀ ਦਲ ਦੀ ਪੂਰੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕੀਤੇ।

ਇਸ ਇਤਿਹਾਸਕ ਇਕੱਠ ਵਿੱਚ ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਚੋਟੀ ਦੇ ਲੀਡਰਾਂ ਜਿਨ੍ਹਾਂ ਵਿੱਚ ਸੁਖਦੇਵ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਜਗੀਰ ਕੌਰ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਆਦਿ ਸ਼ਾਮਿਲ ਸਨ, ਨੇ ਆਪਣੇ ਸਾਰੇ ਗੁਨਾਹ ਕਬੂਲ ਕੀਤੇ। ਇਨ੍ਹਾਂ ਲੀਡਰਾਂ ਦੇ ਗੁਰੂ ਅਤੇ ਪੰਥ ਪ੍ਰਤੀ ਇਮਾਨਦਾਰੀ ਨਾਲ ਜਵਾਬਦੇਹੀ ਬਾਰੇ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਸਿੰਘ ਸਾਹਿਬਾਨ ਨੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਗੁਨਾਹਾਂ ਵਿੱਚ ਹਿੱਸੇਦਾਰ ਹੋਣ ਦੇ ਇਲਜ਼ਾਮ ਬਾਰੇ ਪੁੱਛਿਆ ਤਾਂ ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵਰਸੋਏ ਅਕਾਲ ਤਖਤ ਸਾਹਿਬ ਉਤੇ ਜਥੇਦਾਰਾਂ ਦੇ ਸਾਹਮਣੇ ਹੀ ਇਲਜ਼ਾਮਾਂ ਤੋਂ ਮੁੱਕਰ ਗਏ ਪਰ ਜਥੇਦਾਰ ਸਾਹਿਬਾਨ ਵੀ ਪੂਰੀ ਤਿਆਰੀ ਵਿੱਚ ਆਏ ਹੋਣ ਕਰ ਕੇ ਉਨ੍ਹਾਂ ਦੇ ਬਿਆਨਾਂ ਨੂੰ ਮੌਕੇ ’ਤੇ ਹੀ ਸੰਗਤਾਂ ਨੂੰ ਮੋਬਾਈਲ ਵੀਡੀਓ ਤੋਂ ਸੁਣਵਾ ਕੇ ਉਨ੍ਹਾਂ ਨੂੰ ਆਪਣਾ ਗੁਨਾਹ ਕਬੂਲ ਕਰਨ ’ਤੇ ਮਜਬੂਰ ਕਰ ਦਿੱਤਾ। ਸਿੰਘ ਸਹਿਬਾਨ ਨੇ ਸੁਖਦੇਵ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ ’ਤੇ ਇਹ ਇਲਜ਼ਾਮ ਲਗਾਏ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਗੁਨਾਹਗਾਰ ਪੁਲੀਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ ਅਤੇ ਸੱਤਾ ਵਿੱਚ ਬੈਠ ਕੇ ਆਪਣੀਆਂ ਪੁਜ਼ੀਸ਼ਨਾਂ ਦਾ ਦੁਰਉਪਯੋਗ ਕੀਤਾ।

ਇਹ ਸਭ ਸ਼ੁਰੂ ਹੋਣ ਤੋਂ ਪਹਿਲਾਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਦੋਸ਼ੀ ਲੀਡਰਾਂ ਦੀ ਆਤਮਾ ਨੂੰ ਝੰਜੋੜਦੇ ਹੋਏ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਵਲੋਂ ਸਥਾਪਿਤ ਕੀਤਾ ਸਰਬਉੱਚ ਸਥਾਨ ਹੈ, ਇੱਥੇ ਸਵਾਲਾਂ ਦੇ ਜਵਾਬ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣੀ ਅੰਤਰ-ਆਤਮਾ ਨਾਲ ਦੇਣਾ ਕਿਉਂਕਿ ਇੱਥੇ ਤੁਹਾਨੂੰ ਕੋਈ ਸਰੀਰਕ ਸਜ਼ਾ ਨਹੀਂ ਦਿੱਤੀ ਜਾਣੀ ਪਰ ਇਹ ਗੁਰੂ ਜਾਂ ਤੁਸੀਂ ਹੀ ਜਾਣਦੇ ਹੋ ਕਿ ਤੁਸੀਂ ਸੰਗਤ ਅੱਗੇ ਝੂਠ ਬੋਲ ਰਹੇ ਹੋ ਜਾਂ ਸੱਚ।

ਇਨ੍ਹਾਂ ਅਕਾਲੀ ਲੀਡਰਾਂ ਨੇ ਸਿੱਖ ਸਮਾਜ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਆਧਾਰਹੀਣ ਕਰ ਕੇ ਰੱਖ ਦਿੱਤਾ। ਜਥੇਦਾਰ ਸਾਹਿਬਾਨ ਨੂੰ ਇਨ੍ਹਾਂ ਖਿਲਾਫ਼ ਹੋਰ ਸਖ਼ਤ ਹੋਣ ਦੀ ਲੋੜ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ‘ਫਖਰ-ਏ-ਕੌਮ’ ਦੀ ਉਪਾਧੀ ਵਾਪਸ ਲੈਣੀ ਸਹੀ ਫ਼ੈਸਲਾ ਹੈ ਪਰ ਇਸ ਦੇ ਨਾਲ ਹੀ ਜਥੇਦਾਰ ਸਾਹਿਬਾਨ ਨੂੰ ਉਨ੍ਹਾਂ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਲਈ ਵੀ ਇਨ੍ਹਾਂ ਲੀਡਰਾਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਸ਼ਾਂਤਮਈ ਅੰਦੋਲਨ ਵਿੱਚ ਇਨ੍ਹਾਂ ਲੀਡਰਾਂ ਦੇ ਹੁਕਮ ’ਤੇ ਚੱਲੀਆਂ ਗੋਲੀਆਂ ਦਾ ਸ਼ਿਕਾਰ ਹੋਏ। ਉਨ੍ਹਾਂ ਲੋਕਾਂ ਦੀਆਂ ਸੱਟਾਂ ਦਾ ਹਿਸਾਬ ਮੰਗਣਾ ਚਾਹੀਦਾ ਸੀ ਜਿਨ੍ਹਾਂ ਨੇ ਪੁਲੀਸ ਦੀਆਂ ਡਾਂਗਾਂ ਖਾਧੀਆਂ। ਤਿੰਨ ਵਿਵਾਦਤ ਖੇਤੀ ਕਾਨੂੰਨ ਵਿੱਚ ਵੀ ਜਿਸ ਤਰ੍ਹਾਂ ਅਕਾਲੀ ਲੀਡਰਸ਼ਿਪ ਨੇ ਕੇਂਦਰ ਸਰਕਾਰ ਦੀ ਪਿੱਠ ਪੂਰੀ, ਇਹ ਵੀ ਜੱਗ ਜ਼ਾਹਿਰ ਹੈ।

ਸ਼੍ਰੋਮਣੀ ਅਕਾਲੀ ਦਲ ਬਹੁਤ ਕੁਰਬਾਨੀਆਂ ਤੋਂ ਬਾਅਦ ਪੰਜਾਬ ਅਤੇ ਸਿੱਖ ਸਮਾਜ ਦੇ ਹਿੱਤਾਂ ਦੀ ਰਾਖੀ ਲਈ ਹੋਂਦ ਵਿੱਚ ਆਇਆ, ਇਸ ਲਈ ਪੰਜਾਬ ਦੀ ਰਾਜਨੀਤੀ ਵਿੱਚ ਇਸ ਪਾਰਟੀ ਦਾ ਪ੍ਰਮੁੱਖਤਾ ਨਾਲ ਬਣੇ ਰਹਿਣਾ ਬਹੁਤ ਜ਼ਰੂਰੀ ਹੈ ਪਰ ਇਸ ਦੀ ਅਜੋਕੀ ਲੀਡਰਸ਼ਿਪ ਨੇ ਜਿਸ ਤਰ੍ਹਾਂ ਸਿੱਖ ਸਮਾਜ ਵਿੱਚ ਇਸ ਦੇ ਆਧਾਰ ਦਾ ਘਾਣ ਕੀਤਾ ਹੈ, ਉਸ ਦਾ ਪੁਨਰਗਠਨ ਸੌਖਾ ਨਹੀਂ ਹੋਵੇਗਾ। ਇਸ ਲਈ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪਾਰਟੀ ਤੋਂ ਅਲੱਗ ਕਰ ਕੇ ਨਵੀਂ ਲੀਡਰਸ਼ਿਪ ਚੁਣਨ ਦਾ ਫ਼ੈਸਲਾ ਵੀ ਸ਼ਲਾਘਾਯੋਗ ਹੈ।

ਇਕ ਗੱਲ ਇਹ ਵੀ ਹੈ ਕਿ ਜਿਸ ਤਰ੍ਹਾਂ ਸਾਰੀ ਲੀਡਰਸ਼ਿਪ ਨੇ ਆਪਣੀਆਂ ਗ਼ਲਤੀਆਂ ਕਬੂਲ ਕੀਤੀਆਂ, ਉਸ ਦਾ ਅਸਰ ਹੁਣ ਇਨ੍ਹਾਂ ਲੀਡਰਾਂ ਖ਼ਿਲਾਫ਼ ਪੰਜਾਬ ਦੇ ਕੋਰਟ ਕਚਹਿਰੀਆਂ ਵਿੱਚ ਚੱਲ ਰਹੇ ਕੇਸਾਂ ਉਤੇ ਵੀ ਪਵੇਗਾ ਕਿਉਂਕਿ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ’ਤੇ ਜੋ ਕਬੂਲ ਕੀਤਾ ਹੈ ਅਤੇ ਜੋ ਗਾਹੇ-ਬਗਾਹੇ ਕੋਰਟ ਕਚਹਿਰੀਆਂ ਵਿੱਚ ਕਹਿੰਦੇ ਆਏ ਹਨ, ਇਹ ਆਪਾ-ਵਿਰੋਧੀ ਹੈ।

ਧਾਰਮਿਕ ਸਜ਼ਾ ਲਗਾਉਂਦੇ ਹੋਏ ਇਨ੍ਹਾਂ ਲੀਡਰਾਂ ਨੂੰ ਸ੍ਰੀ ਦਰਬਾਰ ਸਾਹਿਬ ’ਚ ਬਾਥਰੂਮਾਂ ਦੀ ਸਫਾਈ, ਜੋੜੇ ਝਾੜਨ ਦੀ ਸੇਵਾ, ਲੰਗਰ ’ਚ ਜੂਠੇ ਬਰਤਨ ਸਾਫ ਕਰਨ ਅਤੇ ਇਸ ਤਰ੍ਹਾਂ ਦੀ ਧਾਰਮਿਕ ਸੇਵਾ ਲਗਾਉਣ ਦੇ ਨਾਲ-ਨਾਲ ਹੋਰ ਕਈ ਸਿਧਾਂਤਕ ਸਜ਼ਾਵਾਂ ਵੀ ਸੁਣਾਈਆਂ ਹਨ। ਸੁਖਬੀਰ ਸਿੰਘ ਬਾਦਲ ਨੂੰ ਗੁਸਲਖਾਨੇ ਸਾਫ ਕਰਨ, ਜੋੜੇ ਝਾੜਨ, ਕੀਰਤਨ ਸੁਨਣ ਦੇ ਨਾਲ-ਨਾਲ ਦਰਬਾਰ ਸਾਹਿਬ ਦੀ ਡਿਊੜੀ ਦੇ ਬਾਹਰ ਸੇਵਾਦਾਰ ਦੀ ਤਰ੍ਹਾਂ ਗਲ ਵਿੱਚ ਤਨਖਾਈਏ ਦੀ ਤਖ਼ਤੀ ਪਾ ਕੇ ਹੱਥ ਵਿੱਚ ਬਰਛਾ ਲੈ ਕੇ ਖੜ੍ਹਨ ਦਾ ਹੁਕਮ ਦਿੱਤਾ ਗਿਆ ਹੈ। ਬਾਕੀ ਲੀਡਰਾਂ ਦੇ ਗਲਾਂ ਵਿੱਚ ਵੀ ਤਨਖਾਈਏ ਦੀਆਂ ਤਖ਼ਤੀਆਂ ਪਾਉਣ ਦਾ ਹੁਕਮ ਦਿੱਤਾ ਗਿਆ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈਣਾ ਅਤੇ ਇਨ੍ਹਾਂ ਲੀਡਰਾਂ ਦੇ ਗੁਨਾਹਾਂ ਵਿੱਚ ਸ਼ਾਮਲ ਹੋਰ ਧਾਰਮਿਕ ਲੀਡਰਸ਼ਿਪ ਸਬੰਧੀ ਦਿੱਤਾ ਗਿਆ ਫ਼ੈਸਲਾ ਪ੍ਰਸ਼ੰਸਾਯੋਗ ਹੈ। ਜਥੇਦਾਰ ਸਾਹਿਬਾਨ ਨੇ ਪੰਜਾਬੀ ਸੂਬੇ ਤੋਂ ਲੈ ਕੇ 1984 ਅਤੇ ਬਾਅਦ ਵਿੱਚ ਪੰਜਾਬ ਵਿੱਚ ਅਤਿਵਾਦ ਦੇ ਦੌਰ ਦੇ ਸਮੇਂ, ਸੌਦਾ ਸਾਧ ਦੇ ਮੁਆਫੀਨਾਮੇ ਅਤੇ ਹੋਰ ਪ੍ਰਸ਼ਾਸਨਿਕ ਗ਼ਲਤੀਆਂ ਬਾਰੇ ਅਕਾਲੀਆਂ ਤੋਂ ਸਵਾਲ ਪੁੱਛੇ ਅਤੇ ਸੰਗਤ ਦੇ ਸਾਹਮਣੇ ਉਨ੍ਹਾਂ ਨੂੰ ਦੋਸ਼ੀ ਸਾਬਤ ਕੀਤਾ। ਇਹ ਜਥੇਦਾਰ ਸਾਹਿਬਾਨ ਦਾ ਇਕ ਹੋਰ ਦਲੇਰੀ ਭਰਿਆ ਕਦਮ ਹੈ। ਸ਼੍ਰੋਮਣੀ ਕਮੇਟੀ ਦੇ ਪੈਸੇ ਦਾ ਸੁਖਬੀਰ ਸਿੰਘ ਬਾਦਲ ਵੱਲੋਂ ਸੌਦਾ ਸਾਧ ਦੇ ਅਖੌਤੀ ਮੁਆਫੀਨਾਮੇ ਦੀ ਇਸ਼ਤਿਹਾਰਬਾਜ਼ੀ ਉਤੇ ਖਰਚਣ ਦੇ ਬੱਜਰ ਗੁਨਾਹ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਸੂਦ ਸਮੇਤ ਵਾਪਸ ਲੈਣਾ ਵੀ ਚੰਗਾ ਕਦਮ ਹੈ।

ਜਸਵੰਤ ਸਿੰਘ ਖਾਲੜਾ ਦੇ ਕਤਲ, ਛੱਤੀਸਿੰਘਪੁਰਾ ਦੇ ਸਿੱਖਾਂ ਨੂੰ ਮਾਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਾਉਣਾ ਅਤੇ ਸਿੱਖ ਭਾਵਨਾਵਾਂ ਨੂੰ ਛਿੱਕੇ ਟੰਗ ਕੇ ਪੰਥ ਨਾਲ ਕੋਝਾ ਮਜ਼ਾਕ ਕਰਨ ਦਾ ਹਿਸਾਬ ਇਨ੍ਹਾਂ ਲੀਡਰਾਂ ਕੋਲੋਂ ਮੰਗਦੇ ਹੋਏ ਇਨ੍ਹਾਂ ਨੂੰ ਅਕਾਲੀ ਦਲ ਤੋਂ ਅਲੱਗ ਕਰਨ ਦਾ ਫੈਸਲਾ ਹੋਣਾ ਚਾਹੀਦਾ ਸੀ। ਉਹ ਲੀਡਰ ਜਿਨ੍ਹਾਂ ਨੇ ਸਿੱਖ ਸੰਗਤਾਂ ਦੇ ਦਬਾਅ ਹੇਠ ਆ ਕੇ ਬਾਅਦ ਵਿੱਚ ਅਕਾਲੀ ਦਲ ਤੋਂ ਅਸਤੀਫੇ ਦਿੱਤੇ ਅਤੇ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ‘ਬਾਗੀ’ ਬਣ ਗਏ ਤੇ ਦੂਸਰੇ ਲੀਡਰ ਜਿਨ੍ਹਾਂ ਨੇ ਅਕਾਲੀ ਦਲ ਨਹੀਂ ਛੱਡਿਆ, ਨੂੰ ‘ਦਾਗੀ’ ਦੱਸਣ ਲੱਗੇ, ਉਨ੍ਹਾਂ ਦੀ ਵੀ ਜਥੇਦਾਰ ਸਹਿਬਾਨ ਨੇ ਚੰਗੀ ਖ਼ਬਰ ਲਈ ਹੈ। ਉਨ੍ਹਾਂ ਤੋਂ ਵੀ ਸਪਸ਼ਟੀਕਰਨ ਮੰਗਿਆ ਗਿਆ ਕਿ ਜਦੋਂ ਬਾਕੀ ਲੀਡਰਸ਼ਿਪ ਇਹ ਸਾਰੇ ਗੁਨਾਹ ਕਰ ਰਹੇ ਸੀ, ਉਦੋਂ ਇਨ੍ਹਾਂ ਬਾਗੀ ਲੀਡਰਾਂ ਨੇ ਕੁਝ ਕਿਉਂ ਨਹੀਂ ਬੋਲਿਆ ਅਤੇ ਚੁਪ-ਚਾਪ ਆਪਣੀਆਂ ਪੁਜ਼ੀਸ਼ਨਾਂ ਮਾਣਦੇ ਰਹੇ। ਗਿਆਨੀ ਰਘਬੀਰ ਸਿੰਘ ਨੇ ਇਨ੍ਹਾਂ ਲੀਡਰਾਂ ਨੂੰ ਆਪੋ-ਆਪਣਾ ‘ਚੁੱਲ੍ਹਾ ਸਮੇਟ’ ਕੇ ਅਕਾਲੀ ਦਲ ਨੂੰ ਮੁੜ ਤੋਂ ਕਾਇਮ ਕਰਨ ਵਿੱਚ ਸਹਿਯੋਗ ਕਰਨ ਲਈ ਕਿਹਾ।

ਸੌਦਾ ਸਾਧ ਦੇ ਮੁਆਫੀਨਾਮੇ ਨੂੰ ਲੈ ਕੇ ਜੋ ਵੀ ਖਤੋ-ਕਿਤਾਬਤ ਇਨ੍ਹਾਂ ਦੋਸ਼ੀ ਨੇਤਾਵਾਂ ਵਿਚਾਲੇ ਹੋਇਆ ਹੈ, ਨੂੰ ਜਥੇਦਾਰ ਸਾਹਿਬਾਨ ਵੱਲੋਂ ਜਨਤਕ ਕਰਨ ਦਾ ਫੈਸਲਾ ਵੀ ਸਵਾਗਤਯੋਗ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿੱਚ ਉਪਰ ਚੁੱਕਣ ਵਿੱਚ ਸਹਾਇਤਾ ਮਿਲੇਗੀ। ਸਿੰਘ ਸਾਹਿਬਾਨ ਨੇ ਹੋਰ ਸਜ਼ਾ ਦੇਣ ਦਾ ਜੋ ਫੈਸਲਾ ਬਾਕੀ ਰੱਖਿਆ ਹੈ, ਉਸ ਉਤੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ‘ਦਾਗੀ ਤੇ ਬਾਗੀ’ ਲੀਡਰਾਂ ਦੇ ਜਬਾੜੇ ਵਿੱਚੋਂ ਪੂਰੀ ਤਰ੍ਹਾਂ ਆਜ਼ਾਦ ਕਰਾਉਣ ਦਾ ਇਹ ਢੁਕਵਾਂ ਮੌਕਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੂੰ ਹੀ ਬਲ ਨਹੀਂ ਮਿਲੇਗਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ। ਇਸ ਦੇ ਨਾਲ ਅਕਾਲੀ ਲੀਡਰਸ਼ਿਪ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਵਿੱਚ ਘੁਸਪੈਠ ਕਰ ਗਈਆਂ ਪੰਥ ਵਿਰੋਧੀ ਤਾਕਤਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਉਣ ਵਿੱਚ ਸਹਾਇਤਾ ਮਿਲੇਗੀ।

**—ਭਾਈ ਅਸ਼ੋਕ ਸਿੰਘ ਬਾਗੜੀਆਂ**

**ਸੌਦਾ ਸਾਧ ਦੇ ਮੁਆਫੀਨਾਮੇ ਨੂੰ ਲੈ ਕੇ ਜੋ ਵੀ ਖਤੋ-ਕਿਤਾਬਤ ਇਨ੍ਹਾਂ ਦੋਸ਼ੀ ਨੇਤਾਵਾਂ ਵਿਚਾਲੇ ਹੋਇਆ ਹੈ, ਨੂੰ ਜਥੇਦਾਰ ਸਾਹਿਬਾਨ ਵੱਲੋਂ ਜਨਤਕ ਕਰਨ ਦਾ ਫੈਸਲਾ ਵੀ ਸਵਾਗਤਯੋਗ ਹੈ। ਇਸ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਵੱਕਾਰ ਨੂੰ ਸਿੱਖ ਸਮਾਜ ਵਿੱਚ ਉਪਰ ਚੁੱਕਣ ਵਿੱਚ ਸਹਾਇਤਾ ਮਿਲੇਗੀ। ਸਿੰਘ ਸਾਹਿਬਾਨ ਨੇ ਹੋਰ ਸਜ਼ਾ ਦੇਣ ਦਾ ਜੋ ਫੈਸਲਾ ਬਾਕੀ ਰੱਖਿਆ ਹੈ, ਉਸ ਉਤੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ‘ਦਾਗੀ ਤੇ ਬਾਗੀ’ ਲੀਡਰਾਂ ਦੇ ਜਬਾੜੇ ਵਿੱਚੋਂ ਪੂਰੀ ਤਰ੍ਹਾਂ ਆਜ਼ਾਦ ਕਰਾਉਣ ਦਾ ਇਹ ਢੁਕਵਾਂ ਮੌਕਾ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਨੂੰ ਹੀ ਬਲ ਨਹੀਂ ਮਿਲੇਗਾ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਸਿੱਖ ਸੰਸਥਾਵਾਂ ਨਵੇਂ ਜੋਸ਼ ਨਾਲ ਹਰ ਤਰ੍ਹਾਂ ਦੇ ਪ੍ਰਭਾਵ ਮੁਕਤ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਸਕਣੀਆਂ। ਇਸ ਦੇ ਨਾਲ ਅਕਾਲੀ ਲੀਡਰਸ਼ਿਪ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਵਾਂ ਵਿੱਚ ਘੁਸਪੈਠ ਕਰ ਗਈਆਂ ਪੰਥ ਵਿਰੋਧੀ ਤਾਕਤਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਉਣ ਵਿੱਚ ਸਹਾਇਤਾ ਮਿਲੇਗੀ।**

# ਇਕ ਹੋਰ ਗਾਂਧੀ ਤਿਆਰ



ਪਿਛਲੇ ਹਫ਼ਤੇ ਮਹਾਰਾਸ਼ਟਰ ਅਸੈਂਬਲੀ ਦੀਆਂ ਚੋਣਾਂ ਦੇ ਨਤੀਜਿਆਂ ਵਿੱਚ ਕਾਂਗਰਸ ਦੀ ਕਰਾਰੀ ਹਾਰ ਤੋਂ ਬਾਅਦ ਵਰਤੀ ਚੁੱਪ-ਚਾਂ ਦੱਸਦੀ ਹੈ ਕਿ ਕਿਉਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਪਾਰਟੀ ਦੇਸ਼ ਭਰ ਵਿੱਚ ਸੱਤਾ ਹਥਿਆ ਰਹੀ ਹੈ। ਜੇ ਇੱਕ ਸ਼ਬਦ ਵਿੱਚ ਕਹਿਣਾ ਹੋਵੇ ਤਾਂ ਇਸ ਦਾ ਕਾਰਨ ਇਹ ਹੈ ਕਿ ਕਾਂਗਰਸ ਉਨ੍ਹਾਂ ਨੂੰ ਅਜਿਹਾ ਕਰਨ ਦੇ ਰਹੀ ਹੈ।

ਲੰਘੇ ਸ਼ੁੱਕਰਵਾਰ ਰਾਜਧਾਨੀ ਵਿੱਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਸਾਡੇ ਫੋਟੋਗ੍ਰਾਫਰ ਮੁਕੇਸ਼ ਅਗਰਵਾਲ ਦੀ ਖਿੱਚੀ ਤਸਵੀਰ ਨੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਮੌਜੂਦਾ ਹਾਲ ਨੂੰ ਸਹਿਜ ਭਾਅ ਕੈਦ ਕਰ ਲਿਆ। ਇੱਕ ਤਸਵੀਰ ਵਿੱਚ ਪਾਰਟੀ ਪ੍ਰਧਾਨ ਬਜ਼ੁਰਗਵਾਰ ਮਲਿਕਾਰਜੁਨ ਖੜਗੇ ਮਫ਼ਲਰ ਪਹਿਨ ਕੇ ਬੈਠੇ ਹੋਏ ਹਨ ਅਤੇ ਨਾਲ ਹੀ ਉਨ੍ਹਾਂ ਦੇ ਯੁਵਾ ਸਾਥੀ ਰਾਹੁਲ ਗਾਂਧੀ ਕਾਗਜ਼ ਵਰਗੀ ਪਤਲੀ ਆਪਣੀ ਟ੍ਰੇਡਮਾਰਕ ਚਿੱਟੀ ਟੀ-ਸ਼ਰਟ ਪਾ ਕੇ ਬੈਠੇ ਹਨ।

ਪਿਛਲੇ ਛੇ-ਸੱਤ ਦਿਨਾਂ ਤੋਂ ਮਹਾਰਾਸ਼ਟਰ ਵਿੱਚ ਜੇਤੂ ਰਹੇ ਮਹਾਯੁਤੀ ਗੱਠਜੋੜ ਦੀਆਂ ਪਾਰਟੀਆਂ ਦਰਮਿਆਨ ਚੱਲ ਰਹੀ ਖਿੱਚ-ਧੂਹ ਦੀਆਂ ਖ਼ਬਰਾਂ ਦਾ ਹੜ੍ਹ ਆ ਗਿਆ ਹੈ ਕਿ ਅਗਲਾ ਮੁੱਖ ਮੰਤਰੀ ਭਾਜਪਾ ਦਾ ਦੇਵੇਂਦਰ ਫੜਨਵੀਸ ਬਣੇਗਾ ਜਾਂ ਸ਼ਿਵ ਸੈਨਾ ਦਾ ਏਕਨਾਥ ਸ਼ਿੰਦੇ। ਦੂਜੇ ਬੰਨ੍ਹੇ ਜਾਪਦਾ ਹੈ ਕਿ ਜਿਵੇਂ ਕਾਂਗਰਸ ਲੰਮੀਆਂ ਤਾਣ ਕੇ ਮੁੜ ਸੌਂ ਗਈ ਹੈ। ਕੁਝ ਲੋਕਾਂ ਨੇ ਊਧਵ ਠਾਕਰੇ ਨੂੰ ਮਹਾ ਵਿਕਾਸ ਅਗਾੜੀ (ਐੱਮਵੀਏ) 'ਚੋਂ ਬਾਹਰ ਆਉਣ ਦੀ ਸਲਾਹ ਦਿੱਤੀ ਹੈ ਪਰ ਗੱਠਜੋੜ ਦੇ ਭਿਆਲਾਂ ਦਰਮਿਆਨ ਇਸ ਤਰ੍ਹਾਂ ਦਾ ਰੌਲ਼ਾ-ਰੱਪਾ ਚੋਣ ਨਤੀਜੇ ਆਉਣ ਤੋਂ ਪਹਿਲਾਂ ਪੈ ਗਿਆ ਸੀ ਕਿ ਮਹਾਰਾਸ਼ਟਰ ਦਾ ਅਗਲਾ ਮੁੱਖ ਮੰਤਰੀ ਕੌਣ ਹੋਵੇਗਾ।

ਯਕੀਨਨ, ਇਹ ਕਮਾਲ ਦੇ ਹਾਲਾਤ ਹਨ। ਕਾਂਗਰਸ ਅਤੇ ਰਾਹੁਲ ਗਾਂਧੀ ਵੱਲੋਂ ਭਾਜਪਾ ਉੱਪਰ ਵਾਰ-ਵਾਰ ਮੋਦੀ ਨੂੰ ਦੈਵੀ ਦਰਜਾ ਦੇਣ ਦੇ ਦੋਸ਼ ਲਾਏ ਜਾਂਦੇ ਹਨ ਅਤੇ ਤੱਥ ਇਹ ਵੀ ਹੈ ਕਿ ਖ਼ੁਦ ਪ੍ਰਧਾਨ ਮੰਤਰੀ ਨੇ ਲੋਕ ਸਭਾ ਚੋਣ ਤੋਂ ਪਹਿਲਾਂ ਵਾਰਾਣਸੀ ਵਿੱਚ ਨਿਊਜ਼ 18 ਨਾਲ ਮੁਲਾਕਾਤ ਵਿੱਚ ਇਹ ਗੱਲ ਮੰਨੀ ਸੀ ਜਦੋਂ ਉਨ੍ਹਾਂ ਆਖਿਆ ਸੀ ਕਿ "ਉਹ ਇਸ ਗੱਲ ਦੇ ਕਾਇਲ ਹਨ ਕਿ ਈਸ਼ਵਰ ਨੇ ਉਨ੍ਹਾਂ ਨੂੰ ਭੇਜਿਆ ਹੈ ਕਿਉਂਕਿ ਉਨ੍ਹਾਂ ਦੀ ਇਹ ਊਰਜਾ ਜੈਵਿਕ ਸਰੀਰ 'ਚੋਂ ਨਹੀਂ ਆ ਸਕਦੀ", ਫਿਰ ਵੀ ਇਹ ਤੱਥ ਕਾਇਮ ਹੈ ਕਿ ਇੱਕ ਤੋਂ ਬਾਅਦ ਇੱਕ ਚੋਣ (ਝਾਰਖੰਡ ਅਪਵਾਦ ਹੈ) ਵਿੱਚ ਹਾਰ ਖਾਣ ਤੋਂ ਬਾਅਦ ਕਾਂਗਰਸ ਆਪਣੇ ਅੰਦਰ ਝਾਤੀ ਮਾਰਨ ਤੋਂ ਇਨਕਾਰੀ ਹੈ।

ਇਹ ਹੈਰਾਨਕੁਨ ਤੱਥ ਅੱਜ ਵੀ ਕਾਇਮ ਹੈ ਕਿ ਕਾਂਗਰਸ ਵੱਲੋਂ ਰਾਹੁਲ ਗਾਂਧੀ ਦੀ ਲੀਡਰਸ਼ਿਪ 'ਤੇ ਉਂਗਲ ਚੁੱਕਣ ਤੋਂ ਇਨਕਾਰੀ ਹੋਣ ਕਰ ਕੇ ਮੋਦੀ ਅਤੇ ਭਾਜਪਾ ਨੂੰ ਇੱਕ ਤੋਂ ਬਾਅਦ ਇੱਕ ਸੂਬੇ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮਿਲ ਰਿਹਾ ਹੈ। ਜਦੋਂ ਗਰਮੀਆਂ ਵਿੱਚ ਭਾਜਪਾ ਪਾਰਲੀਮੈਂਟ ਵਿੱਚ ਆਪਣਾ ਬਹੁਮਤ ਗੁਆ ਬੈਠੀ ਸੀ ਤਾਂ ਇਸ ਨੇ ਉਸ ਸਭ ਕਾਸੇ ਦੀ ਘੋਖ ਪੜਤਾਲ ਕੀਤੀ ਕਿ ਅਸਲ ਵਿੱਚ ਕੀ ਵਾਪਰਿਆ ਸੀ ਜਿਸ ਵਿੱਚ ਇਹ ਗੱਲ ਵੀ ਸ਼ਾਮਿਲ ਸੀ ਕਿ ਆਰਐੱਸਐੱਸ ਨੇ ਮਦਦ ਕਿਉਂ ਨਹੀਂ ਕੀਤੀ ਸੀ। ਇਸ ਤੋਂ ਬਾਅਦ ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਚੋਣਾਂ ਆਈਆਂ ਜਿਨ੍ਹਾਂ ਵਿੱਚ ਇਸ ਨੇ ਆਪਣੀਆਂ ਗਲਤੀਆਂ ਤੋਂ ਸਿੱਖੇ ਸਬਕ ਨੂੰ ਪੱਕਾ ਕੀਤਾ ਅਤੇ ਹਰਿਆਣਾ ਵਿੱਚ ਹਰੇਕ ਅਸੈਂਬਲੀ ਸੀਟ 'ਤੇ ਮਾਈਕਰੋ ਮੈਨੇਜਮੈਂਟ ਕਰ ਕੇ ਲੋੜੋਂ ਵੱਧ ਉਤਸ਼ਾਹ 'ਚ ਆਈ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚ ਲਈ ਅਤੇ ਫਿਰ ਔਰਤਾਂ ਦੇ ਖਾਤੇ ਵਿੱਚ ਸਿੱਧੇ ਤੌਰ 'ਤੇ ਪੈਸੇ ਪਾਉਣ ਵਾਲੀਆਂ 'ਲਾਡਕੀ ਬਹਿਨ' ਜਿਹੀਆਂ ਸਕੀਮਾਂ ਦੀ ਮਦਦ ਨਾਲ ਮਹਾਰਾਸ਼ਟਰ ਵਿੱਚ ਸ਼ਾਨਦਾਰ ਜਿੱਤ ਦਰਜ ਕੀਤੀ।

ਇਸ ਦੇ ਐਨ ਉਲਟ ਕਾਂਗਰਸ ਨੇ ਈਵੀਐੱਮਜ਼ ਦਾ ਕਸੂਰ ਕੱਢ ਕੇ ਆਪਣੀ ਨਾਕਾਮੀ ਨੂੰ 'ਵੱਡੇ ਪੈਮਾਨੇ ਦੀ ਧਾਂਦਲੀ' ਪਿੱਛੇ ਢਕ ਦਿੱਤਾ। ਹਰੇਕ ਚੰਗਾ ਆਗੂ ਆਪਣੀ ਨਾਕਾਮੀ ਨੂੰ ਸਵੀਕਾਰ ਕਰਦਾ ਹੈ ਪਰ ਇਸ ਦੇ ਬਜਾਇ ਰਾਹੁਲ ਆਪਣੀ ਬਹੁਤ ਹੀ ਕ੍ਰਿਸ਼ਮਈ ਭੈਣ ਦੀ ਵਾਇਨਾਡ ਸੰਸਦੀ ਸੀਟ ਤੋਂ ਜਿੱਤ ਦੇ ਜਸ਼ਨ ਮਨਾਉਣ ਚਲਿਆ ਗਿਆ। ਇਹ ਸਭ ਕੁਝ ਬਹੁਤ ਸੋਭਦਾ ਹੈ, ਖ਼ਾਸਕਰ ਜਿਵੇਂ ਇਹ ਯੁਵਾ ਔਰਤ ਸੰਸਦ ਮੈਂਬਰ ਵਜੋਂ ਹਿੰਦੀ ਵਿੱਚ ਸਹੁੰ ਚੁੱਕਣ ਲਈ ਕੇਰਲਾ ਦੀ ਰਵਾਇਤੀ ਕਸਾਵੂ ਸਾੜ੍ਹੀ ਪਹਿਨ ਕੇ ਪਾਰਲੀਮੈਂਟ ਵਿੱਚ ਪਹੁੰਚੀ ਸੀ।

ਹੁਣ ਸਦਨ ਵਿੱਚ ਤਿੰਨ ਗਾਂਧੀ ਹੋ ਗਏ ਹਨ- ਮਾਂ ਸੋਨੀਆ ਗਾਂਧੀ ਰਾਜ ਸਭਾ ਵਿੱਚ ਹੈ, ਉਸ ਦੇ ਬੱਚੇ ਰਾਹੁਲ ਤੇ ਪ੍ਰਿਯੰਕਾ ਲੋਕ ਸਭਾ ਵਿੱਚ ਹਨ। ਰਾਹੁਲ ਉੱਤਰ ਪ੍ਰਦੇਸ਼ ਦਾ ਦਿਲ ਮੰਨੇ ਜਾਂਦੇ ਰਾਏਬਰੇਲੀ ਤੋਂ ਮੈਂਬਰ ਹੈ ਅਤੇ ਪ੍ਰਿਯੰਕਾ ਕੇਰਲਾ ਦੇ ਦੱਖਣੀ ਪਹਾੜੀ ਜ਼ਿਲ੍ਹੇ ਵਾਇਨਾਡ ਦੀ ਸੀਟ ਤੋਂ ਚੁਣੀ ਗਈ ਹੈ। ਐਵੇਂ ਕੋਈ ਗ਼ਲਤੀ ਨਾ ਕਰ ਬੈਠਣਾ, ਪੁਸ਼ਤੈਨੀ ਜਾਗੀਰ ਹੋਰ ਜ਼ਿਆਦਾ ਮਜ਼ਬੂਤ ਹੋ ਗਈ ਹੈ। ਕਾਂਗਰਸ ਉਪਰ ਗਾਂਧੀਆਂ ਦੀ ਪਕੜ ਹੋਰ ਪੀਢੀ ਹੋ ਗਈ ਹੈ।

ਭਾਰਤੀ ਰਾਜਨੀਤੀ ਵਿਚ ਪਰਿਵਾਰਵਾਦ ਵਿਰੋਧੀ ਤਰਕ ਦਾ ਭੋਗ ਕਦੋਂ ਦਾ ਪੈ ਚੁੱਕਿਆ ਹੈ; ਅੱਜ ਨਾ ਸਿਰਫ਼ ਕਾਂਗਰਸ ਸਗੋਂ ਹਰੇਕ ਸਿਆਸੀ ਪਾਰਟੀ ਵਿੱਚ ਮੰਨਿਆ ਜਾ ਰਿਹਾ ਹੈ ਕਿ ਮਾਵਾਂ ਅਤੇ ਪਿਓਆਂ ਦੇ ਪੁੱਤਰ ਤੇ ਧੀਆਂ ਚੰਗੇ ਘੋੜੇ ਸਾਬਿਤ ਹੋ ਰਹੇ ਹਨ। ਹੁਣ ਅਸੀਂ ਵੀ ਇਸ ਤਰਕ ਨੂੰ ਜਾਣ ਗਏ ਹਾਂ ਕਿ ਭਾਰਤ ਦੇ ਲੋਕ ਐਨੇ ਅਕਲਮੰਦ ਹਨ ਕਿ ਭਾਵੇਂ ਤੁਸੀਂ ਕਿੰਨੇ ਵੀ ਵਿਸ਼ੇਸ਼-ਅਧਿਕਾਰ ਪ੍ਰਾਪਤ ਕਿਉਂ ਨਾ ਹੋਵੇ, ਉਹ ਤੁਹਾਨੂੰ ਉਦੋਂ ਤੱਕ ਸਵੀਕਾਰ ਨਹੀਂ ਕਰਦੇ ਜਦੋਂ ਤੱਕ ਤੁਸੀਂ ਉਨ੍ਹਾਂ ਦੀ ਖਾਤਿਰ ਸਖ਼ਤ ਮਿਹਨਤ ਨਹੀਂ ਕਰਦੇ।

ਕਾਂਗਰਸ ਦੀ ਸਮੱਸਿਆ ਹੁਣ ਪਰਿਵਾਰ ਨਹੀਂ ਰਿਹਾ ਸਗੋਂ ਇਹ ਤੱਥ ਹੈ ਕਿ ਗਾਂਧੀਆਂ ਨੂੰ ਅਸਲ ਵਿੱਚ ਅਜਿਹਾ 'ਮੁਖੌਟਾ' ਚਾਹੀਦਾ ਹੈ ਜਿਸ ਦੀਆਂ ਵਾਗਾਂ ਫੜ ਕੇ ਪਰਿਵਾਰ ਉਸ ਨੂੰ ਘੁਮਾਉਂਦਾ ਰਹੇ। ਲੋਕ ਸਭਾ ਲਈ ਚੁਣੇ ਜਾਣ ਨਾਲ ਪ੍ਰਿਯੰਕਾ ਵੀ ਹੁਣ ਵਾਗਾਂ ਖਿੱਚਣ ਵਾਲਿਆਂ ਵਿਚ ਸ਼ੁਮਾਰ ਹੋ ਗਈ ਹੈ। ਉਸ ਦੀ ਮਾਂ ਕਮਾਲ ਦੀ ਔਰਤ ਹੈ ਜਿਸ ਨੇ 1991 ਦੀਆਂ ਗਰਮੀਆਂ ਵਿੱਚ ਆਪਣੇ ਪਤੀ ਦੀ ਹੱਤਿਆ ਹੋਣ ਤੋਂ ਬਾਅਦ ਔਖੇ ਸਮਿਆਂ ਵਿੱਚ ਪਰਿਵਾਰ ਨੂੰ ਇਕਜੁੱਟ ਰੱਖਿਆ ਅਤੇ ਫਿਰ ਮਨਮੋਹਨ ਸਿੰਘ ਦੀ ਬਾਕਮਾਲ ਅਗਵਾਈ ਹੇਠ ਕਾਂਗਰਸ ਨੂੰ ਦਸ ਸਾਲਾਂ ਲਈ ਸ਼ਾਸਨ ਚਲਾਉਣ ਦਾ ਮੌਕਾ ਦਿਵਾਇਆ ਸੀ। ਹੁਣ ਉਹ ਜਨਤਕ ਖੇਤਰ ਤੋਂ ਓਹਲੇ ਹੋ ਰਹੀ ਹੈ ਅਤੇ ਉਨ੍ਹਾਂ ਦੀ ਥਾਂ ਧੀ ਲੈ ਰਹੀ ਹੈ।

ਇਹ ਬਹਿਸ ਬੇਥਵੀ ਹੈ ਕਿ ਅਗਵਾਈ ਦਾ ਜ਼ਿੰਮਾ ਸੋਨੀਆ ਦੇ ਪੁੱਤਰ ਨੂੰ ਦਿੱਤਾ ਜਾਂਦਾ ਹੈ ਜਾਂ ਧੀ ਨੂੰ; ਸਦਨ ਵਿੱਚ ਨਵੀਂ ਗਾਂਧੀ ਦੀ ਬੇਹੱਦ ਊਰਜਾਵਾਨ ਮੌਜੂਦਗੀ ਹੀ ਇਹ ਚਿਤਾਵਨੀ ਦੇਣ ਲਈ ਕਾਫ਼ੀ ਹੈ ਕਿ ਗਾਂਧੀਆਂ ਨੂੰ ਧੱਕ ਕੇ ਲਾਂਭੇ ਨਹੀਂ ਕੀਤਾ ਜਾ ਸਕਦਾ। ਇਸੇ ਕਰ ਕੇ ਪ੍ਰਿਯੰਕਾ ਦੀ ਪੁੱਗਤ ਹੈ। ਉਹ ਪਾਰਟੀ ਦੀ ਅਗਵਾਈ ਕਰ ਕੇ ਰਾਜਨੀਤੀ ਨੂੰ ਹਲੂਣਾ ਦੇ ਸਕਦੀ ਹੈ। ਜਦੋਂ ਉਹ ਪਾਰਲੀਮੈਂਟ ਵਿੱਚ ਬੋਲੇਗੀ ਤਾਂ ਹਵਾ 'ਚ ਤੈਰਦੇ ਕਣਾਂ ਦੀਆਂ ਤਰਬਾਂ ਜ਼ਰੂਰ ਛੇੜੇਗੀ। ਇਸ ਗੱਲ ਦੇ ਆਸਾਰ ਘੱਟ ਹਨ ਕਿ ਉਹ ਪਾਰਟੀ ਦੀ ਬੇੜੀ ਵਿੱਚ ਵੱਟੇ ਪਾਵੇਗੀ ਕਿਉਂਕਿ ਇਸ ਵੇਲੇ ਇਸ ਦੀ ਵਾਗਡੋਰ ਉਸ ਦੇ ਭਰਾ ਦੇ ਹੱਥਾਂ ਵਿੱਚ ਹੈ।

ਇਸ ਦਾ ਮਤਲਬ ਇਹ ਹੈ ਕਿ ਰਾਹੁਲ ਦੀ ਅਗਵਾਈ ਹੇਠ ਕਾਂਗਰਸ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਚੋਣਾਂ ਨੂੰ ਘਟਾ ਕੇ ਦੇਖੇਗੀ ਜਾਂ ਫਿਰ ਭੈਣ-ਭਰਾ ਨੂੰ 'ਇੰਡੀਆ' ਗੱਠਜੋੜ ਵਿੱਚ ਪੈ ਰਹੀਆਂ ਤ੍ਰੇੜਾਂ ਤੋਂ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ; ਤ੍ਰਿਣਮੂਲ ਕਾਂਗਰਸ ਨੇ ਅਪੀਲ ਕੀਤੀ ਹੈ ਕਿ ਪਾਰਲੀਮੈਂਟ ਦਾ ਸਰਦ ਰੁੱਤ ਇਜਲਾਸ ਚੱਲਣ ਦਿੱਤਾ ਜਾਵੇ ਬਜਾਇ ਇਸ ਦੇ ਕਿ ਇਹ ਰਾਹੁਲ ਦੇ ਅਡਾਨੀ ਵਾਲੇ ਕੰਡੇ ਥੱਲੇ ਦੱਬ ਕੇ ਰਹਿ ਜਾਵੇ।

ਜੇ ਕਾਂਗਰਸ ਕੁਝ ਰਾਜਾਂ ਵਿੱਚ ਜਿੱਤ ਦਰਜ ਕਰ ਲੈਂਦੀ ਤਾਂ ਇਹ ਸਭ ਕੁਝ ਚੱਲ ਜਾਣਾ ਸੀ, ਆਖ਼ਿਰਕਾਰ ਜੇਤੂ ਦੀ ਹਰ ਕੋਈ ਜੈ-ਜੈਕਾਰ ਕਰਦਾ ਹੈ ਪਰ ਜਦੋਂ ਇੱਕ ਤੋਂ ਬਾਅਦ ਇੱਕ ਹਾਰ ਹੋਣ ਲਗਦੀ ਹੈ ਤਾਂ ਸਵਾਲ ਉੱਠਦਾ ਹੈ ਕਿ ਗਾਂਧੀਆਂ 'ਚ ਐਸੀ ਕਿਹੜੀ ਖ਼ਾਸ ਗੱਲ ਹੈ ਕਿ ਉਨ੍ਹਾਂ ਨੂੰ ਵੰਗਾਰਿਆ ਨਹੀਂ ਜਾ ਸਕਦਾ ਜਿਵੇਂ ਇਕ ਵਾਰ ਜੀ23 ਨੇ ਸੋਚਿਆ ਸੀ ਪਰ ਉਹ ਆਪਣਾ ਹੀ ਨੁਕਸਾਨ ਕਰਾ ਕੇ ਬੈਠ ਗਏ। ਉਂਝ, ਇਸ ਸਵਾਲ ਦਾ ਢੁਕਵਾਂ ਜਵਾਬ ਅਜੇ ਤੱਕ ਵੀ ਨਹੀਂ ਮਿਲਿਆ।

ਯਕੀਨਨ, ਮੋਦੀ ਤੋਂ ਵੱਧ ਇਸ ਵਰਤਾਰੇ ਦੀ ਖ਼ੁਸ਼ੀ ਹੋਰ ਕਿਸੇ ਨੂੰ ਨਹੀਂ ਹੋਵੇਗੀ। ਉਹ ਜਾਣਦੇ ਹਨ ਕਿ ਜਦੋਂ ਉਹ ਅੰਦਰੂਨੀ ਲੋਕਰਾਜ ਦੀ ਘਾਟ ਬਦਲੇ ਕਾਂਗਰਸ 'ਤੇ ਚੋਟ ਕਰਦੇ ਹਨ ਤਾਂ ਕਰੋੜਾਂ ਲੋਕਾਂ ਨੂੰ ਇਹ ਗੱਲ ਪੋਂਹਦੀ ਹੈ। ਉਹ ਇਹ ਵੀ ਜਾਣਦੇ ਹਨ ਕਿ ਦੇਸ਼ ਇਹ ਗੱਲ ਜਾਣਦਾ ਹੈ ਕਿ 'ਇੰਡੀਆ ਇਜ਼ ਇੰਦਰਾ' ਦੇ ਦਿਨ ਕਦੋਂ ਦੇ ਲੱਦ ਚੁੱਕੇ ਹਨ ਅਤੇ ਜੇ ਗਾਂਧੀ ਜ਼ਿੰਮੇਵਾਰੀ ਲੈਣ ਤੋਂ ਕਤਰਾਉਣਗੇ ਤਾਂ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੌਲੀ-ਹੌਲੀ ਖਤਮ ਹੋ ਜਾਵੇਗੀ।

ਕੋਈ ਸਮਾਂ ਸੀ ਜਦੋਂ ਭਲੇ ਦਿਨਾਂ ਵਿੱਚ ਪ੍ਰਿਯੰਕਾ ਨੂੰ ਕਾਂਗਰਸ ਪਾਰਟੀ ਦੀ 'ਬ੍ਰਹਮਾਸਤਰ' ਦੀ ਤਸ਼ਬੀਹ ਦਿੱਤੀ ਜਾਂਦੀ ਸੀ। ਸਵਾਲ ਇਹ ਹੈ ਕਿ ਜ਼ਬਰਦਸਤ ਤਬਾਹੀ ਫੈਲਾਉਣ ਵਾਲੇ ਇਸ ਤਰ੍ਹਾਂ ਦੇ ਹਥਿਆਰ ਦੀ ਅਜੋਕੀ ਰਾਜਨੀਤੀ ਵਿੱਚ ਕੀ ਅਹਿਮੀਅਤ ਹੈ?

**—ਜਯੋਤੀ ਮਲਹੋਤਰਾ**

ਇਹ ਹੈਰਾਨਕੁਨ ਤੱਥ ਅੱਜ ਵੀ ਕਾਇਮ ਹੈ ਕਿ ਕਾਂਗਰਸ ਵੱਲੋਂ ਰਾਹੁਲ ਗਾਂਧੀ ਦੀ ਲੀਡਰਸ਼ਿਪ 'ਤੇ ਉਂਗਲ ਚੁੱਕਣ ਤੋਂ ਇਨਕਾਰੀ ਹੋਣ ਕਰ ਕੇ ਮੋਦੀ ਅਤੇ ਭਾਜਪਾ ਨੂੰ ਇੱਕ ਤੋਂ ਬਾਅਦ ਇੱਕ ਸੂਬੇ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮਿਲ ਰਿਹਾ ਹੈ। ਜਦੋਂ ਗਰਮੀਆਂ ਵਿੱਚ ਭਾਜਪਾ ਪਾਰਲੀਮੈਂਟ ਵਿੱਚ ਆਪਣਾ ਬਹੁਮਤ ਗੁਆ ਬੈਠੀ ਸੀ ਤਾਂ ਇਸ ਨੇ ਉਸ ਸਭ ਕਾਸੇ ਦੀ ਘੋਖ ਪੜਤਾਲ ਕੀਤੀ ਕਿ ਅਸਲ ਵਿੱਚ ਕੀ ਵਾਪਰਿਆ ਸੀ ਜਿਸ ਵਿੱਚ ਇਹ ਗੱਲ ਵੀ ਸ਼ਾਮਿਲ ਸੀ ਕਿ ਆਰਐੱਸਐੱਸ ਨੇ ਮਦਦ ਕਿਉਂ ਨਹੀਂ ਕੀਤੀ ਸੀ। ਇਸ ਤੋਂ ਬਾਅਦ ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਚੋਣਾਂ ਆਈਆਂ ਜਿਨ੍ਹਾਂ ਵਿੱਚ ਇਸ ਨੇ ਆਪਣੀਆਂ ਗਲਤੀਆਂ ਤੋਂ ਸਿੱਖੇ ਸਬਕ ਨੂੰ ਪੱਕਾ ਕੀਤਾ ਅਤੇ ਹਰਿਆਣਾ ਵਿੱਚ ਹਰੇਕ ਅਸੈਂਬਲੀ ਸੀਟ 'ਤੇ ਮਾਈਕਰੋ ਮੈਨੇਜਮੈਂਟ ਕਰ ਕੇ ਲੋੜੋਂ ਵੱਧ ਉਤਸ਼ਾਹ 'ਚ ਆਈ ਕਾਂਗਰਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚ ਲਈ ਅਤੇ ਫਿਰ ਔਰਤਾਂ ਦੇ ਖਾਤੇ ਵਿੱਚ ਸਿੱਧੇ ਤੌਰ 'ਤੇ ਪੈਸੇ ਪਾਉਣ ਵਾਲੀਆਂ 'ਲਾਡਕੀ ਬਹਿਨ' ਜਿਹੀਆਂ ਸਕੀਮਾਂ ਦੀ ਮਦਦ ਨਾਲ ਮਹਾਰਾਸ਼ਟਰ ਵਿੱਚ ਸ਼ਾਨਦਾਰ ਜਿੱਤ ਦਰਜ ਕੀਤੀ।


CHIEF EDITOR : VARINDER UBHI | PHONE : (510) 943-8037 WEEKLY ENGLISH NEWSPAPER

USA INDIA TODAY

SUNDAY, 1 DECEMBER, 2024 | ISSUE 04 | WEBSITE : WWW.USAINDIATODAY.COM | EMAIL : SARGAMTV@GMAIL.COM

Trump nominates Indian-American Kash Patel as FBI Director

Washington : President-elect Donald Trump on Saturday nominated close confidante Kash Patel for the powerful position of Director of the Federal Bureau of Investigation, making him the highest ranking Indian American in his incoming administration. "I am proud to announce that Kashyap 'Kash' Patel will serve as the next Director of the Federal Bureau of Investigation. Kash is a brilliant lawyer, investigator, and 'America First' fighter who has spent his career exposing corruption, defending Justice, and protecting the American People," Trump announced on Truth Social, a social media platform he owns. Trump said Patel played a pivotal role in uncovering "the Russia, Russia, Russia Hoax," standing as an advocate for truth, accountability, and the Constitution. Patel, 44, served as chief of staff to the Acting United States Secretary of Defense in the last few weeks of the Trump Administration in 2017. "Kash did an incredible job during my First Term, where he served as Chief of Staff at the Department of Defense, Deputy Director of National Intelligence,

(Contd. to Page No. 4)









For Advertisement

# USA India Today

(English Weekly Newspaper)

# USA Punjab Today

(Daily Punjabi Newspaper)

# USA Trucking & Trailer

(Monthly Magazine)

Call :

Varinder (510) 943-8037

sargamtv@gmail.com


MARRIAGE LAGAN.COM
DREAM IT. BELIEVE IT. MAKE IT HAPPEN!
MARRIAGE LAGAN IS A LEADING MATRIMONIAL MATCHMAKING SERVICE PROVIDER.
We offer trusted & authentic matrimonial profiles for those who are looking for brides and grooms for marriage.
We are committed to providing 360-degree solutions to all prospective brides and grooms for marriage.
We help to bring souls together to help them celebrate their happy matrimony made in heaven.
COMMUNITIES WE CATER TO
Marriage Lagan offers matrimonial services to a multitude of castes/religions.
PUNJABI & SIKH
Khatri & Arora.
VAISH
Gupta, Aggarwal, Marwari, Maheshwari, Khandelwal
JAIN
Shwetamber, Digamber, Khandelwal, Terapanthi, Oswal
OTHERS
Cosmopolitan Sindhi, Brahmin, Rajput, Kayastha
Our matrimonial service to all major cities and states of
America, Canada, United Kingdom, Australia and Europe.
register with us at www.marriagelagan.com
Call
VARINDER (510) 943-8037
E-MAIL : INFO@MARRIAGELAGAN.COM